# ਮਨ ਦੀ ਮੌਜ

ਜਨਮੇਜਾ ਸਿੰਘ ਜੌਹਲ

ਪੰਜਾਬੀ ਸ਼ਬਦ ਅਕਾਡਮੀ

ਮੇਰਾ ਸਫ਼ਾ 4
ਮਨ ਦੀ ਮੌਜ ਦਾ ਇੱਕ ਪੜਾਅ 5
ਆਪਣੇ ਤੋਂ ਵੱਡੇ, ਮਨਮੌਜੀ ਨੂੰ 6
ਲਾਵਾਂ ਫੇਰੇ ਹੋ ਰਹੇ ਹਨ 8
ਆਦਤਨ ਦੁਬਿਧਾ 9
ਦੁੱਧ ਵਾਲਾ ਭੌਂਪੂ 10
ਕਿਰਾਇਆ ਉਹੀ ਹੈ 12
ਰੰਗ ਤਾਂ ਅਧੂਰੀ ਰੋਸ਼ਨੀ ਹੀ ਹੁੰਦੇ ਹਨ 13
ਚਾਹ ਦਾ ਹੀ ਪਰਛਾਵਾਂ 14
ਘਰੋਂ ਰੱਜ ਕੇ ਆਇਆਂ 16
ਨਹੀਂ ਦੇਣਾ ਮੈਂ ਨੰਬਰ 17
ਰਸਾਲੇ ਵਾਲੀਆਂ ਦੋ ਕੁੜੀਆਂ 18
ਭਰੋਸੇਯੋਗ ਬਨਣ ਦੀ ਚਿਣਗ 19
ਨਾ ਨਾ ਭਾਜੀ 20
ਇਕ ਅੰਕਲ ਜੀ 21
ਪ੍ਰੈਗਨੈਂਟ ਟਰੀ ਫੋਰੈਸਟ 22
ਅੰਕਲ ਮੋਅ ਆਏ ਹਨ 23
ਰਾਤ ਇੱਥੇ ਰੁੱਖ ਥੱਲੇ 24
ਕੀ ਹੋਇਆ? 26
ਕੰਨ ਜਿਹੇ ਵਲੇਟ ਕੇ 27
ਡਲੈਵਰ ਜੁਦੇ ਬਿਠਾਉਣੇ ਆਂ 28
ਰਾਹ ਵਾਲੀ ਬੀਬੀ 29
ਪੰਜਾਬ ਦੀ ਮਹਿਕ 30
ਚਾਂਦੀ ਦੇ ਗਹਿਣੇ 31
ਸਤਲੁਜ ਸ਼ੂਕਦੇ ਦਾ ਜਲੋਅ 32

ਖਤਰਨਾਕ ਚੁਟਕਲਾ 33

ਬਾਪ ਇਕ ਏ ਟੀ ਐਮ 34

ਕਦੇ ਬਰਫੀ, ਕਦੇ ਗੁਲਾਬ ਜਾਮਣਾਂ 36

ਰਿਕਸ਼ੇ ਵਾਲਾ ਵੀ ਸਾਡਾ ਸਾਥੀ 38

ਇਕ ਨਾਮ ਵਾਧੂ ਸੀ 40

ਸਮਾਜ ਦੀ ਲੋੜ 42

ਨਵੀਂ ਧਰਤੀ ਦਾ ਚਾਅ 43

ਚਸ਼ਮਾਈ ਗੱਲਾਂ 45

ਥਾਂ-ਕੁੱਥਾਂ ਬਰੇਕਾਂ 46

ਦੋ ਰੁਪਏ ਦਾ ਪੈਕਟ 48

ਜਾਨਣ ਦੀ ਵੱਧ ਇੱਛਾ 49

ਇਕ ਵੱਡਾ ਕਦਮ 50

ਮੈਂ ਕੁੜੀ ਭਜਾ ਕੇ ਲੈ ਜਾਣੀ ਸੀ 51

ਮਨ ਮਿੱਟੀ ਦੇ ਤੇਲ ਨੂੰ ਤਰਸਦੇ 52

ਨਰਿੰਦਰ ਉਸਤਾਦ 53

ਮੈਨੂਫੈਕਚਰਿੰਗ ਡਿਫੈਕਟ 55

ਉਹ ਤੁਹਾਡੇ ਵਾਂਙ ਹੋਵੇ 57

ਜਨਮੇਜਾ ਇਕ ਗੋਤ 59

ਉਪਰੇਸ਼ਨ, 'ਚਲੋ ਦੇਖੀਏ' 61

ਚੌਧਰੀ ਬਣਨ ਦੀ ਲਾਲਸਾ 63

# ਮੇਰਾ ਸਫ਼ਾ

ਵੈਸੇ ਤਾਂ ਇਸ ਕਿਤਾਬ ਦਾ ਹਰ ਸਫ਼ਾ ਹੀ ਮੇਰਾ ਹੈ, ਪਰ ਫੇਰ ਵੀ ਦੋ ਕੁ ਗੱਲਾਂ ਕਰਨੀਆਂ ਹਨ। ਫੇਸਬੁੱਕ ਤੇ ਅਚਾਨਕ ਹੀ ਯਾਦਾਂ ਲਿਖਣ ਦਾ ਸਿਲਸਲਾ ਸ਼ੁਰੂ ਹੋ ਗਿਆ ਸੀ। ਮੈਂ ਆਪਣੇ ਆਪ ਨੂੰ ਭੁਲੱਕੜ ਸਮਝਦਾ ਸੀ, ਪਰ ਲਿਖਣਾ ਸ਼ੁਰੂ ਹੁੰਦੇ ਹੀ ਪੱਥਰ ਪਾਟਦੇ ਗਏ। ਤੁਰੇ ਫਿਰਦੇ ਜਿੱਥੇ ਕੋਈ ਗੱਲ ਯਾਦ ਆ ਜਾਣੀ, ਬਸ ਉੱਥੇ ਹੀ ਰੁੱਕ ਕੇ ਫੋਨ ਤੇ ਟਾਇਪ ਕਰ ਦੇਣੀ। ਇਹ ਕਿਤਾਬ ਸਭ ਉਹਨਾਂ ਪਾਤਰਾਂ ਨੂੰ ਸਮਰਪਤ ਹੈ, ਜਿਹੜੇ ਮੇਰੇ ਜੀਵਨ ਵਿਚ ਅਚੇਤ ਜਾਂ ਸੁਚੇਤ ਹੋ ਕੇ ਆਏ। ਜੀਵਨ ਨੂੰ ਰੰਗ ਬਿਰੰਗਾ ਬਣਾਇਆ। ਆਪਣਾ ਬਣਦਾ ਹਿੱਸਾ ਲੈ ਗਏ ਤੇ ਮੇਰਾ ਛੱਡ ਗਏ। ਕਿਸੇ ਨੂੰ ਮੇਰੇ ਨਾਲ ਰਹਿ ਜਾਂ ਮਿਲ ਕੇ ਖੁਸ਼ੀ ਮਿਲੀ ਜਾਂ ਨਫਰਤ, ਇਹ ਮੇਰੀ ਸਮੱਸਿਆ ਕਦੇ ਨਹੀਂ ਰਹੀ, ਅਗਲਾ ਆਪੇ ਨਿਪਟੇ। ਪਿਆਰ, ਸਤਿਕਾਰ ਤੇ ਨਫਰਤ ਦਾ ਅਦਾਨ ਪ੍ਦਾਨ ਹੀ ਤਾਂ ਹੈ ਇਹ ਜੀਵਨ। ਹਾਲੇ ਹੋਰ ਬਹੁਤ ਕੁਝ ਬਾਕੀ ਹੈ, ਉਹ ਫੇਰ ਸਹੀ।

ਖਾਸ ਗੱਲ: ਕਿਤਾਬ ਦੇ ਮੁੱਖ ਨਾਮ ਦੀ ਕਲਾਕਾਰੀ, ਦੁਨੀਆ ਵਾਂਗ ਹੀ ਹੈ, ਸਹੀ ਤਰਤੀਬ ਆਪ ਹੀ ਸਮਝਣੀ ਪੈਂਦੀ ਹੈ।

ਇਸ ਕਿਤਾਬ ਦੇ ਅੰਤ ਵਿਚ ਮੈਂ ਇਕ ਕੰਮਪੀਊਟਰ ਤਕਨੀਕ ਵਿਸਥਾਰਤ ਕਰਕੇ ਪੰਜਾਬੀ ਵਿਚ ਪਹਿਲੀ ਵਾਰ ਇਕ ਇੰਡੈਕਸ ਤਿਆਰ ਕੀਤਾ ਹੈ। ਇਸ ਤਕਨੀਕ ਨਾਲ ਕਿਸੇ ਵੀ ਕਿਤਾਬ ਚੋਂ ਕੁਝ ਖੋਜਣ ਲਈ ਖੋਜਾਰਥੀਆਂ ਨੂੰ ਲਾਭ ਹੋ ਸਕਦਾ ਹੈ।

-ਜਨਮੇਜਾ ਸਿੰਘ ਜੌਹਲ

**+91 98159-45018, +17326370579**

Janmeja@gmail.com , www. janmejajohl.com

*ਨੋਟ : ਕਿਤਾਬ ਵਿਚ ਗਲਤੀਆਂ ਹੋ ਸਕਦੀਆਂ ਹਨ। ਪਰ ਕੁਝ ਸ਼ਬਦ ਮੇਰੇ ਸੁਭਾਅ ਦੇ ਹਨ, ਸ਼ਬਦ-ਜੋੜ ਦੀ ਗਲਤੀ ਨਹੀਂ ਹਨ। ਇਲਾਕਾਈ ਵਿਲੱਖਣਤਾ ਵੀ ਹੋ ਸਕਦੀ ਹੈ। ਜੇ ਠੀਕ ਨਾ ਲੱਗਣ ਤਾਂ ਆਪੇ ਸਮਝ ਲੈਣਾ, ਵੈਸੇ ਵੀ ਇਹ ਪਾਠ ਪੁਸਤਕ ਨਹੀਂ ਹੈ।*

# ਮਨ ਦੀ ਮੌਜ ਦਾ ਇੱਕ ਪੜਾਅ

ਮਨ ਦੇ ਮੌਜੀ ਦੋ ਕਿਸਮ ਦੇ ਹੁੰਦੇ ਨੇ। ਇੱਕ ਤਾਂ ਤਿਆਗ ਦੇ ਮੌਜੀ ਹੁੰਦੇ ਨੇ। ਜਿਵੇਂ ਸੂਰਯ ਕੁਮਾਰ ਤ੍ਰਿਪਾਠੀ ਨਿਰਾਲਾ ਜੀ । ਦੂਜੇ ਘਰ ਬਾਹਰ ਤੇ ਭਰੇ ਪਰਵਾਰ ਚ' ਰਹਿ ਕੇ ਵੀ ਮਨ ਦੇ ਮੌਜੀ ਹੁੰਦੇ ਨੇ। ਜਿਵੇਂ ਦਵਿੰਦਰ ਸਤਿਆਰਥੀ ਜੀ ਦੇ ਸੁਮੇਲ ਚੋਂ ਇਕ ਨਵਾਂ ਮਨ ਦਾ ਮੌਜੀ ਕੈਮਰੇ ਤੇ ਕਲਮ ਦਾ ਸਫ਼ਰ ਸਾਹਮਣੇ ਆਉਂਦਾ ਏ।। ਸ੍ਰ. ਜਨਮੇਜਾ ਸਿੰਘ ਜੌਹਲ ਅਜੋਕੇ ਮਨ ਦੇ ਮੌਜੀਆਂ ਦੀ ਪ੍ਰਤੀਨਿੱਧਤਾ ਕਰਦੇ ਹੋਏ ਸਾਡੇ ਸਾਮ੍ਹਣੇ ਨੇ। ਮੇਰੇ ਲਈ ਤਾਂ ਇਸ ਸ਼ਾਹ ਨੇ, ਜਿਨ੍ਹਾਂ ਦੀ ਅੱਖ ਕੈਮਰੇ ਰਾਹੀਂ ਕੁਦਰਤ ਦੇ ਰੰਗਾਂ ਦਾ ਜਲਵਾ ਖਿਲਾਰਦੀ ਏ। ਅਜੀਤ ਚ ਛਪਦਾ ਕਾਲਮ "ਕੈਮਰਾ ਚੁੱਪ ਨਹੀ" ਹੱਥ ਚ ਫੜੀ ਕਲਮ ਦਾ ਸ਼ਿੰਗਾਰ ਏ। ਸ਼ਾਹ, ਪੰਜਾਬੀ ਤੇ ਪੰਜਾਬੀਅਤ ਲਈ ਫ਼ਕੀਰੀ ਜਾਮਾ ਪਾ ਕੇ ਜੰਗਲ ਬੀਆਬਾਨਾਂ, ਪਹਾੜਾਂ ਦੀਆਂ ਘਾਰਾਂ ਤੇ ਚੋਟੀਆਂ, ਸਾਗਰਾਂ ਦੀਆਂ ਲਹਿਰਾਂ ਅਤੇ ਅਸਮਾਨਾਂ ਨੂ ਨਾਪਦੇ ਹੋਏ ਅਪੋਂ ਸੋਧੇ ਹੋਏ ਮੋਟਰ ਸਾਈਕਲ, ਕਾਰਾਂ ਤੇ ਹੋਰ ਜ਼ਰੂਰਤ ਦੇ ਲੋੜੀਂਦੇ ਸਾਜੋ ਸਮਾਨ ਨਾਲ ਮਨ ਦੀ ਮੌਜ ਦੀਆਂ ਪੈੜਾਂ ਨਾਪਦਾ ਰਹਿੰਦਾ ਏ। ਪੈਦਲ, ਸਾਈਕਲ, ਮੋਟਰ ਸਾਈਕਲ, ਕਾਰਾਂ ਬੱਸਾਂ ਗੱਡੀਆਂ ਫੈਰੀਆਂ ਤੇ ਹਵਾਈ ਜਹਾਜ਼ਾਂ ਰਾਹੀਂ ਸਫ਼ਰ ਕਰਦਿਆਂ ਕੁਝ "ਮਨ ਦੀ ਮੌਜ" ਦੀਆਂ ਵੰਨ ਸੁਵੰਨੀਆਂ ਵੰਨਗੀਆ ਇਕੱਠੀਆਂ ਕਰਕੇ ਪਹਿਲਾਂ ਦੀ ਤਰ੍ਹਾਂ ਆਪਣੇ ਪਾਠਕਾਂ ਨੂੰ ਪ੍ਰੋਸ ਰਿਹਾ ਏ। ਯਕੀਕਨ ਹਰ ਉਮਰ, ਹਰ ਵਰਗ ਤੇ ਹਰ ਜਾਇਕੇ ਦਾ ਪਾਨਕ ਨਿੱਠ ਕੇ ਅਨੰਦ ਲਏਗਾ।

ਮਨ ਦੀ ਮੌਜ ਦਾ ਇੱਕ ਪੜਾਅ। ਤਾਂ ਕਿ ਸ਼ਬਦਾਂ ਦੀ ਮੌਲਕਤਾ ਬਣੀ ਰਹੇ।ਖਿਆਲ ਵੀ ਆਪਣਾ ਪਾਸਾ ਥੱਲ ਲੈਣ। ਪਾਠਕ ਕਿਤੇ ਇਕੇ ਵਹਿਣ ਨਾ ਤੁਰ ਪੈਣ। ਜਰੂਰੀ ਏ ਕਿ ਆਪਣੀ ਈ ਪਿੱਠ ਨਾਲ ਢੋਅ ਲਾ ਕੇ ਸੁਸਤਾਅ ਲਿਆ ਜਾਏ।

...............ਸਫ਼ਰ ਜਾਰੀ ਏ............. ਚੱਲ ਖ਼ੁਸਰੋ ਘਰ ਆਪਣੇ,ਢਲ ਗਏ ਪ੍ਰਛਾਵੇਂ।

*-ਗਿਆਨੀ ਜੋਗਿੰਦਰ ਸਿੰਘ ਆਜ਼ਾਦ, ਅੰਮ੍ਰਿਤਸਰ*

# ਆਪਣੇ ਤੋਂ ਵੱਡੇ, ਮਨਮੌਜੀ ਨੂੰ

ਜਨਮੇਜਾ ਸਿੰਘ ਜੌਹਲ, ਰਮਤਾ ਜੋਗੀ, ਮਨ ਮੌਜੀ, ਜਦੋਂ "ਮਨ ਦੀ ਮੌਜ" ਵਿਚ ਹੋਵੇ ਤੇ ਤੁਹਾਨੂੰ ਉਂਗਲੀ ਫੜ ਕੇ ਨਾਲ ਨਾ ਲੈ ਤੁਰੇ... ਇਹ ਹੋ ਈ ਨਹੀਂ ਸਕਦਾ।

ਉਸ ਦੀ "ਮਨ ਦੀ ਮੌਜ" ਵਿਚ ਗੋਤੇ ਲਾਉਂਦਿਆਂ, ਚਿੱਟੇ ਆਂਡੇ ਵਰਗੇ ਡੀਜ਼ਲ ਮੋਟਰ ਸਾਈਕਲ ਜਾਂ ਟੁੱਟੇ ਸ਼ੀਸ਼ੇ ਵਾਲੀ ਕਾਰ'ਤੇ ਲੱਗੇ ਅਖ਼ਬਾਰ ਨੂੰ ਫੜ ਕੇ ਸਫ਼ਰ ਕਰਦਿਆਂ ਜੋ ਅਲੌਕਿਕ ਨਜ਼ਾਰਾ ਮਾਣਦੇ ਓ..... ਕਮਾਲ ।

"ਕੈਮਰੇ ਦੀ ਅੱਖ" ਕਿਸੇ ਵਿਆਹ ਵਿਚ ਕੇਵਲ ਸੰਗਤ ਦੀਆਂ ਜੁੱਤੀਆਂ ਦੀ ਫ਼ੋਟੋ ਲਾ ਕੇ ਗਿਣਤੀ ਦੱਸਦੀ ਐ....

ਪੋਲਾ ਜਿਹਾ ਮੂੰਹ ਕਰਕੇ ਕੀਤੀ ਪੋਲੀ ਜਿਹੀ ਗੱਲ, ਹਾਸਿਆਂ ਦੇ ਨਾਲ ਗਹਿਰ ਗੰਭੀਰ, ਜ਼ਿੰਦਗੀ ਦੇ ਤੱਤ ਦੱਸਦੀ, ਸਿਆਣਪ ਭਰਪੂਰ ਟਿੱਪਣੀ ਵੀ ਕਰ ਜਾਂਦੀ ਐ।

ਥੋੜ੍ਹੇ ਲਫ਼ਜ਼ਾਂ ਵਿੱਚ ਵਧੇਰੀ ਵੱਡੀ ਗੱਲ ਕਰਨੀ, ਜੌਹਲ ਸਾਹਿਬ ਦੀ ਸ਼ੈਲੀ ਦਾ ਵਿਲੱਖਣ ਗੁਣ ਐ।

ਪ੍ਰੋ. ਸਾਹਿਬਾਨ ਦਾ ਵਿਸ਼ਵਾਸ ਪਾਤਰ ਉਹਨਾਂ ਤੋਂ ਕੰਮ ਕਢਾਉਣ ਚਾਹ ਪੀਣ ਤੱਕ ਦੀ ਕਲਾ'ਚ ਮਾਹਿਰ,... ਟਿੱਚਰੀ ਸੁਭਾਅ, ਵਿਅੰਗ ਸ਼ੈਲੀ' ਤੇ ਪੂਰਾ ਅਬੂਰ ਹਾਸਿਲ ਐ।

ਅੰਗਰੇਜ਼ੀ ਵਿਚ ਗੱਲ ਕਰਦਾ, ਆਪਣੀ ਭਾਸ਼ਾ ਵਿਚ ਸੋਚਦਾ... ਵੱਡੇ ਵੱਡੇ ਕਲਾਕਾਰਾਂ ਦੇ ਕੱਪੜੇ ਲੁਹਾਂਉਂਦਾ (ਕੈਮਰੇ ਮੂਹਰੇ) ਕੈਮਰੇ ਦਾ ਪੂਰਾ ਲਾਹਾ ਲੈਂਦੈ।

ਅਮਰੀਕਾ ਵਾਲੇ ਇਕ ਹੋਰ ਫ਼ਕੀਰ ਰਮਤਾ ਜੋਗੀ ਨਾਲ ਮੇਲ... ਇਹੋ ਜਿਹਿਆਂ ਨੂੰ ਐਦਾਂ ਦੇ, ਰੱਬੋਂ ਈ ਟੱਕਰ ਜਾਂਦੇ ਐਂ।

ਇਹਨਾਂ ਦੀ ਕਾਰ ਵਰਗੀ ਈ ਕਾਰ ਦੇ ਮਾਲਕ ਅੰਕਲ ਨਾਲ ਯਾਦਗਾਰੀ ਸਫ਼ਰ, ਕਬਰਸਤਾਨ, ਫੁੱਲਾਂ ਦੀ ਘਾਟੀ, ਗੱਭਣ ਰੁੱਖਾਂ ਦੇ ਜੰਗਲਾਂ ਚੋਂ ਲੰਘਦੇ, ਫਲਾਂ ਦਾ ਸਵਾਦ ਚੱਖਦੇ, ਜ਼ਿੰਦਗੀ ਦੀ ਘੁੰਮਣਘੇਰੀ ਵਾਂਙੂੰ ਘੁੰਮਦੇ, ਮੰਜ਼ਿਲ'ਤੇ ਪਹੁੰਚਦੇ ਹਨ।

"ਮਨ ਦੀ ਮੌਜ" ਪੜ੍ਹਦਿਆਂ ਕਦੇ ਹਾਸਾ, ਕਦੇ ਹੈਰਾਨੀ ਹੁੰਦੀ ਐ। ਐਨੀ ਸਾਦਗੀ, ਗਿਆਨ, ਯਾਦਾਂ, ਪਿਆਰ, ਇਕ ਬੰਦੇ ਨੇ ਕਿਵੇਂ ਸਾਂਭ ਕੇ ਰੱਖਿਆ ਹੋਇਆ?

ਕਦੇ ਹਿਮਾਚਲ ਦੀ "ਕਲਪਾ ਵੈਲੀ" ਵਿਚ ਉਥੋਂ ਦੇ ਸਭਿਆਚਾਰ ਬਾਰੇ, ਫੁੱਲਾਂ ਦੀ ਖੇਤੀ, ਦਰਿਆ ਪਾਰ ਕਰਨ ਲਈ' ਡੋਲੂ' ਦੀ ਵਰਤੋਂ ਬਾਰੇ ਦੱਸਦਾ,' ਸੋਹਣੀ' ਦਾ ਜ਼ਿਕਰ ਤੇ ਅਛੋਪਲੇ ਈ ਸਿਆਸਤੀ ਚੋਟ ਲਾ ਜਾਂਦੈ।

ਹਸਾਸ ਖ਼ਸਲੀਅਤ (ਸੈਂਸੇਟਿਵ ਨੇਚਰ) ਵਾਲਾ ਬੰਦਾ ਜਿੰਨਾ ਖ਼ੁਸ਼ ਤਬੀਅਤ ਹੁੰਦੈ, ਓਨਾ ਈ ਛੇਤੀ ਕਿਸੇ ਵੀ ਗੱਲ ਨੂੰ ਦਿਲ'ਤੇ ਲਾ ਲੈਂਦੈ...

'ਅੱਜੇ ਕੱਲ੍ਹ ਦੀ ਗੱਲ ਐ" ਇਸ ਦੀ ਉਦਾਹਰਣ ਹੈ। ਜਿਸ ਨੂੰ ਪੜ੍ਹ ਕੇ ਸਭ ਦਾ ਉਦਾਸ ਹੋਣਾ ਕੁਦਰਤੀ ਹੈ।

ਇਸ ਤੋਂ ਬਾਅਦ ਮੈਂ, ਇਸ ਸ਼ਾਇਰ ਤਬੀਅਤ ਵਾਲੇ, ਆਪਣੇ ਤੋਂ ਵੱਡੇ, ਮਨਮੌਜੀ ਨੂੰ ਦੁਆ ਈ ਦੇ ਸਕਦੀ ਆਂ।

" ਜ਼ੋਰ-ਏ-ਕਲਮ ਔਰ ਜ਼ਿਆਦਾ "

ਆਮੀਨ...

*-ਸੁਲਤਾਨਾ ਬੇਗਮ, ਪਟਿਆਲਾ*

# ਲਾਵਾਂ ਫੇਰੇ ਹੋ ਰਹੇ ਹਨ

ਅਮਰਜੀਤ ਗਰੇਵਾਲ (ਪੀਏਯੂ ਵਾਲਾ) ਦਾ ਵਿਆਹ ਸੀ, ਮੈਨੂੰ ਪਤਿਆ ਕੇ ਫੋਟੋਆ ਖਿੱਚਣ ਲਈ ਰਾਜ਼ੀ ਕਰ ਲਿਆ। ਖੰਨੇ ਕੋਲ ਕੋਈ ਪਿੰਡ ਸੀ। ਮੇਰੀ ਇਕ ਲੱਤ ਵਿਆਹ ਵਾਲੇ ਗੁਰਦੁਆਰੇ ਹੁੰਦੀ ਤੇ ਇਕ ਲੱਤ ਪਿੰਡ ਦੇ ਦ੍ਰਿਸ਼ ਕੈਦ ਕਰਨ ਦੀ ਹੁੰਦੀ। ਵਿਆਹ ਤੋਂ ਬਾਅਦ ਫੋਟੋਆਂ ਧੁਆ ਲਈਆਂ। ਅਮਰਜੀਤ ਮੁਫਤ ਦੀ ਮਾਰ ਮਾਰਕੇ ਖੁਸ਼ ਲੱਗਦਾ ਸੀ। ਥੋੜੀ ਥੋੜੀ ਦੇਰ ਬਾਅਦ ਫੋਟੋਆਂ ਫਰੋਲੀ ਜਾਵੇ।

'ਜਨਮੇਜੇ ਇਹਨਾਂ ਚ ਨਾ ਲਾਵਾਂ ਦੀ ਫੋਟੋ ਆ ਤੇ ਨਾ ਕੱਠ ਦੀ।'

ਮੈਂ ਫੋਟੋਆਂ ਚੋਂ ਇਕ ਕੱਢ ਕੇ ਫੜਾ ਤੀ, ਆ ਹੈ ਤਾਂ ਸਹੀ।

ਅਮਰਜੀਤ ਨੇ ਮੱਥੇ ਤੇ ਹੱਥ ਮਾਰਦੇ ਕਿਹਾ,' ਇਹ ਤਾਂ ਬਾਹਰ ਲਾਹੀਆਂ ਪਈਆਂ ਜੁੱਤੀਆਂ ਹਨ?'

'ਆਹੋ, ਫੇਰ, ਇਹਦਾ ਮਤਲਬ ਸਾਫ ਹੈ ਕਿ ਅੰਦਰ ਐਨੇ ਸਾਰੇ ਬੰਦੇ ਬੈਠੇ ਆ ਤੇ ਲਾਵਾਂ ਫੇਰੇ ਹੋ ਰਹੇ ਹਨ' ।

# ਆਦਤਨ ਦੁਬਿਧਾ

ਇਹ ਗੱਲ 1988 ਦੇ ਨੇੜੇ ਤੇੜੇ ਦੀ ਹੋਵੇਗੀ। ਮੈਨੂੰ ਮਹੀਨੇ ਕੁ ਬਾਅਦ ਪਰਵਾਰਿਕ ਫਰਜ਼ ਖਾਤਰ ਦਿਲੀ ਜਾਣਾ ਪੈਂਦਾ ਸੀ। ਮੈਂ ਕਈ ਵਾਰੀ ਬਸ ਤੇ ਚਲੇ ਜਾਣਾ ਤੇ ਉਹ ਵੀ ਰਾਤ ਨੂੰ। ਮੇਰੇ ਕੋਲ ਉਦੋਂ ਇਕ ਅੰਬੈਸਡਰ ਡੀਜ਼ਲ ਕਾਰ ਹੁੰਦੀ ਸੀ, ਜੋ ਆਪ ਹੀ ਜੁਗਾੜ ਕਰਕੇ ਤਿਆਰ ਕੀਤੀ ਹੋਈ ਸੀ। ਚਲਦੀ ਤਾਂ ਵਧੀਆ ਸੀ ਪਰ ਉਸਦੇ ਗੈਰ ਜ਼ਰੂਰੀ ਅੰਗ ਫੱਟੜ ਹੀ ਰਹਿੰਦੇ। ਇਕ ਦਿਨ ਦਿਲੀ ਜਾਣਾ ਸੀ। ਗਰਮੀ ਆਪਣੇ ਪੂਰੇ ਜ਼ੋਰ ਤੇ ਸੀ। ਕੱਲਾ ਜਾਣ ਨੂੰ ਦਿਲ ਨਹੀਂ ਕਰਦਾ ਸੀ। ਮੈਂ ਕਿਸੇ ਦੀ ਭਾਲ ਵਿਚ ਸੀ ਕਿ ਕੋਈ ਸਾਥ ਦੇਣ ਵਾਲਾ ਟੱਕਰ ਜੇ। ਉਹਨਾਂ ਦਿਨਾਂ ਚ, ਕਾਰਾਂ ਚ ਏਸੀ ਨਹੀਂ ਹੁੰਦੇ ਸਨ, ਪਰ ਮੈ ਲੱਲਾ ਭੱਭਾ ਕਰਕੇ ਕਾਰ ਚ ਏਸੀ ਫਿੱਟ ਕੀਤਾ ਹੋਇਆ ਸੀ। ਤੁਰੇ ਫਿਰਦੇ ਨੂੰ ਸੁਰਜੀਤ ਪਾਤਰ ਹੁਰੀਂ ਟੱਕਰ ਗਏ। ਉਹ ਵੀ ਗਰਮੀ ਤੋਂ ਪ੍ਰੇਸ਼ਾਨ ਸਨ। ਮੈਂ ਕਿਹਾ, ਦਿਲੀ ਚਲੀਏ, ਗੱਡੀ ਚ ਏਸ਼ੀ ਆ। ਪਾਤਰ ਆਦਤਨ ਦੁਬਿਧਾ ਜਿਹੀ ਚ ਪੈ ਗਏ। ਫੇਰ ਸ਼ਾਇਦ ਏਸ਼ੀ ਤੇ ਗਰਮੀ ਦੇ ਸੁਮੇਲ ਦਾ ਨਤੀਜਾ ਸੀ ਕਿ ਉਹ ਰਾਜਪੁਰੇ ਤਕ ਜਾਣਾ ਮੰਨ ਗਏ । ਅਸੀਂ ਚੱਲ ਪਏ, ਏਸੀ ਕੰਮ ਤਾਂ ਕਰਦਾ ਸੀ ਪਰ ਉਹਨਾਂ ਵਾਲੀ ਸਾਇਡ ਦਾ ਸ਼ੀਸ਼ਾ ਪੂਰਾ ਨਹੀਂ ਬੰਦ ਹੁੰਦਾ ਸੀ। ਉੱਥੇ ਅਸੀ ਇਕ ਅਖਬਾਰ ਲਗਾ ਦਿੱਤੀ, ਜਿਸਨੂੰ ਇਕ ਹੱਥ ਨਾਲ ਸਾਰੀ ਵਾਟ ਉਹਨਾਂ ਠੁੰਮਣਾ ਦੇਈ ਰੱਖਿਆ। ਗੱਲਾਂ ਕਰਦੇ ਅਸੀਂ ਰਾਜਪੁਰੇ ਪਹੁੰਚ ਗਏ। ਸ਼ਾਮ ਦੇ 6 ਕੁ ਵੱਜ ਚੁੱਕੇ ਸਨ। ਅਸੀਂ ਰੁੱਕ ਕੇ ਬੀਅਰ ਨਾਲ ਗਰਮੀ ਨੂੰ ਹੋਰ ਮਾਤ ਦੇ ਦਿੱਤੀ। ਹੁਣ ਸਾਡੇ ਵਿਛੜਨ ਦਾ ਸਮਾਂ ਸੀ। ਉੱਥੋਂ ਪਾਤਰ ਹੁੱਰਾਂ ਲੁਧਿਆਣੇ ਨੂੰ ਸਿਧੀ ਬਸ ਲੈ ਲਈ ਤੇ ਮੈਂ ਕਾਰ ਦੀ ਕਿਲੀ ਦਿਲੀ ਨੂੰ ਨੱਪ ਦਿੱਤੀ ।

# ਦੁੱਧ ਵਾਲਾ ਭੌਂਪੂ

ਮੇਰੀ ਸਲਾਹ ਸੀ ਕੇ ਪੰਜਾਬ ਦੀ ਘੁੰਮ ਫਿਰ ਕੇ ਫੋਟੋ ਡਾਕੂਮੈਂਟੇਸ਼ਨ ਕੀਤੀ ਜਾਵੇ। ਇਸ ਲਈ ਕਿਸੇ ਸਸਤੇ ਤੇ ਜਾਨਦਾਰ ਸਾਧਨ ਦੀ ਲੋੜ ਸੀ। ਬੜੇ ਕਿਸਮ ਤੇ ਦੋਪਹੀਆ ਸਾਧਨ ਲੱਭੇ ਪਰ ਗੱਲ ਨਾ ਬਣੀ, ਯੱਜਦੀ ਮੋਟਰਸੈਕਲ ਲਿਆ ਪਰ ਉਹ ਵੀ ਕਾਫੀ ਤੇਲ ਖਾਂਦਾ ਸੀ। ਫੇਰ ਉਹ ਵੇਚ ਚੇਤਕ ਲਿਆ, ਪਰ ਉਹ ਉਸਤੇਂ ਵੀ ਮਾੜਾ, ਫੇਰ ਇਕ ਸਕੂਟਰੀ ਲਈ, ਪਰ ਉਹ ਸਫਰ ਕੱਢਣ ਦੇ ਕਾਬਲ ਨਹੀਂ ਸੀ। ਫੇਰ ਇਕ ਦਿਨ  ਦਲੀਪ ਨਾਲ ਗੱਲ ਹੋਈ, ਉਹ ਵੀ ਕਾਫੀ ਖੋਜੀ ਹੈ। ਉਸ ਨਾਲ ਰਲ ਕੇ ਇਕ ਡੀਜ਼ਲ ਵਾਲਾ ਬੁਲਟ ਤਿਆਰ ਕੀਤਾ। ਇਹ ਇਕ ਲੀਟਰ ਨਾਲ 85 ਕਿਲੋਮੀਟਰ ਚੱਲਦਾ ਸੀ। ਤੇ ਤੇਲ ਉਦੋਂ 1 ਰੁਪਿਆ 29 ਪੈਸੇ ਲੀਟਰ ਹੁੰਦਾ ਸੀ। ਪਰ ਮਿਲਦਾ ਬਲੈਕ ਚ ਸੀ। ਕਦੇ ਕਦੇ ਕੋਈ ਅਗਿਆਤ ਸਰਕਾਰੀ ਬੰਦਾ ਘੱਟ ਰੇਟ ਤੇ ਵੀ ਦੇ ਜਾਂਦਾ ਸੀ। ਆਪਾਂ ਨੂੰ ਤਾਂ ਇਸ ਨਾਲ ਮੌਜਾਂ ਲੱਗ ਗਈਆਂ। ਆਪਾਂ ਤਾ ਪੰਜਾਬ ਦੇ ਪਿੰਡੋ ਪਿੰਡ ਦਬੱਲਤਾ। ਅਬੋਹਰ ਤੋਂ ਲੇਕੇ ਜੰਮੂ ਤਕ। ਸ਼ਿਮਲਾ ਚੰਡੀਗੜ੍ਹ । ਵਿਚੇ ਕਈ ਗੇੜੇ ਦਿਲੀ ਦੇ ਲਾ ਦਿੱਤੇ। ਗੱਲ ਕੀ ਤੇਲ ਨਾਲੋਂ ਰੀਲਾਂ ਦਾ ਖਰਚਾ ਵੱਧ ਗਿਆ। ਖਰਚਾ ਘੱਟ ਕਰਨ ਦੇ ਕਈ ਤਰੀਕੇ ਵਰਤੇ। ਰੀਲਾਂ ਦਾ 100 ਫੁੱਟਾ ਰੋਲ ਲੈ ਲੈਣਾ ਤੇ ਕੈਸਿਟਾਂ ਆਪ ਭਰ ਲੈਣੀਆਂ। ਇਕ ਛੋਟੇ ਕਮਰੇ ਚ ਲੈਬ ਬਣਾ ਲਈ, ਪਹਿਲੋ ਕਾਲੀ ਚਿੱਟੀ ਤੇ ਫੇਰ ਕਲਰ ਵੀ। ਸੁਭਾਅ ਤਕਨੀਕੀ ਹੋਣ ਕਰਕੇ ਸਾਰਾ ਕੁਝ ਆਪ ਕੀਤਾ। ਇਸ ਨਾਲ ਖਰਚਾ 8ਵਾਂ ਹਿੱਸਾ ਹੀ ਰਹਿ ਗਿਆ। ਪਰ ਕਦੇ ਵੀ ਕੁਝ ਵਪਾਰਕ ਤੌਰ ਤੇ ਨਹੀਂ ਕੀਤਾ। ਇੱਥੋਂ ਤਕ ਕਿ ਕਿਸੇ ਨੂੰ ਖੁਸ਼ ਕਰਨ ਲਈ ਵੀ ਨਹੀਂ। ਕਿਉਂਕਿ ਮੇਰਾ ਵਿਚਾਰ ਸੀ ਕਿ ਜੇਕਰ ਇਸ ਸ਼ੌਂਕ ਵਿਚ ਪੈਸਾ ਆ ਗਿਆ ਤਾਂ ਚੱਜ ਦਾ ਕੰਮ ਕਦੇ ਵੀ ਨਹੀਂ ਹੋ ਸਕਦਾ। ਇਸੇ ਤਰ੍ਹਾਂ, ਲੋਕਾਂ ਨੂੰ ਜੇ ਫੋਟੋਆਂ ਦੇ ਕੇ ਖੁਸ਼ ਕਰੋਗੇ ਤਾਂ, ਉਹ ਸਿਰਫ ਘੜੀ ਪਲ ਹੀ ਧੰਨਵਾਦੀ ਹੋਣਗੇ, ਪਰ ਉਹ ਕਦੇ ਵੀ ਤੁਹਾਡੇ ਵਿਚਾਰਾਂ ਨੂੰ ਨਹੀਂ ਵਿਚਾਰਨਗੇ ਤੇ ਮੇਰੇ ਲਈ ਵਿਚਾਰ ਹੀ ਸਭ ਕੁਝ ਹੈ । ਖੈਰ ਮੇਰੀਆਂ ਮੋਟਰਸੈਕਲ ਨਾਲ ਬਹੁਤ ਯਾਦਾਂ ਹਨ। ਜਿਵੇਂ ਉਹਦੇ ਹਾਰਨ ਦੀ ਥਾਂ, ਦੁੱਧ ਵਾਲਾ ਭੌਂਪੂ ਲੱਗਾ ਹੁੰਦਾ ਸੀ। ਉਸਨੂੰ ਤਾਲਾ ਨਹੀਂ ਸੀ ਲਾਉਣਾ ਪੈਂਦਾ, ਕਿਉਂਕਿ ਮੇਰੇ ਤੇ ਪੱਪੂ (ਸ਼ਾਇਦ ਹੁਣ ਮੰਡੀ ਬੋਰਡ ਦਾ ਵੱਡਾ

ਅਫਸਰ ਹੈ) ਤੋਂ ਸਿਵਾਏ ਕੋਈ ਹੋਰ ਉਹਨੂੰ ਸਟਾਰਟ ਹੀ ਨਹੀਂ ਸੀ ਕਰ ਸਕਦਾ। ਕਈ ਵਾਰੀ ਕਈ ਕਈ ਦਿਨ ਬਾਹਰ ਹੀ ਖੜ੍ਹਾ ਰਹਿੰਦਾ ਸੀ। ਇਹ ਵੀ ਮੌਜਾਂ ਦੇ ਦਿਨ ਸਨ। ਅੱਜ ਮੇਰੇ ਕੋਲ ਪੰਜਾਬ ਦੀਆਂ ਲੱਖਾਂ ਫੋਟੋਆਂ ਤੇ ਬਾਤਾਂ ਜਾਣਕਾਰੀਆਂ ਹਨ, ਉਸ ਮੋਟਰਸੈਕਲ ਕਰਕੇ, ਮੇਰੇ ਛੋਟੇ ਛੋਟੇ ਲੇਖਾਂ ਦਾ ਮੂਲ ਪਾਠ ਉੱਥੋਂ ਹੀ ਆਉਂਦਾ ਹੈ।

# ਕਿਰਾਇਆ ਉਹੀ ਹੈ

ਪੀਏਯੂ ਵਿਚ ਗਰੇਵਾਲ, ਕਾਹਲੋਂ ਤੇ ਰਣਤੇਜ ਦੀ ਤਿਕੜੀ ਮਸ਼ਹੂਰ ਸੀ, ਸਰਦੀਆਂ ਨੂੰ ਕੁਰਸੀਆਂ ਤੇ ਬੈਠ ਧੁੱਪ ਸੇਕਣੀ ਤੇ ਗਰਮੀਆਂ ਨੂੰ ਪਿਲਕਣ ਦੀ ਛਾਂ ਮਾਨਣਦੇ ਆਮ ਦੇਖੇ ਜਾ ਸਕਦੇ ਸਨ। ਉਹ ਹਰ ਤਰ੍ਹਾਂ ਦੇ ਮਸਲੇ ਬੜੇ ਸ਼ੰਜੀਦਗੀ ਨਾਲ ਵਿਚਾਰ ਕਰਦੇ। ਉਹਨਾਂ ਦਾ ਮਸਲਾ ਉਦੋਂ ਹੀ ਠਹਰਾਓ ਵਿਚ ਆਉਂਦਾ ਜਦ ਦਫਤਰੋਂ ਕੋਈ ਫਰਮਾਨ ਜਾਰੀ ਹੋ ਜਾਂਦਾ। ਪਰ ਕਿਸੇ ਅਫਸਰ ਜਾਂ ਮਹਿਕਮੇ ਦੇ ਮੁੱਖੀ ਵਲੋਂ ਘੱਟ ਵੱਧ ਹੀ ਫਰਮਾਨ ਆਉਂਦਾ, ਕਿਉਂਕਿ ਸਭ ਨੂੰ ਉਹਨਾਂ ਦੀ ਖੁਦਦਾਰੀ ਤੋਂ ਡਰ ਲੱਗਦਾ ਸੀ। ਮੈਂ ਵੀ ਗਾਹੇ ਬਗਾਹੇ ਉਹਨਾਂ ਕੋਲ ਜਾ ਬੈਠਦਾ। ਉਹਨਾਂ ਦੀਆਂ ਵੱਡੀਆਂ ਵੱਡੀਆਂ ਸਕੀਮਾਂ ਮੈਨੂੰ ਹਮੇਸ਼ਾਂ ਹੈਰਾਨ ਕਰਦੀਆਂ। ਕਦੇ ਕਦੇ ਉਹਨਾਂ ਦੀਆਂ ਸਕੀਮਾਂ ਅਜਿਹੀਆਂ ਹੁੰਦੀਆਂ ਕਿ ਕਈ ਕਈ ਦਿਨ ਮੈਂ ਆਪੇ ਹੀ ਕਦੇ ਪ੍ਰੇਸ਼ਾਨ ਰਹਿਣਾ ਤੇ ਕਦੇ ਹੱਸੀ ਜਾਣਾ। ਇਕ ਦਿਨ ਮੈਂ ਹਾਲੇ ਉਹਨਾਂ ਕੋਲ ਪਹੁੰਚਿਆ ਹੀ ਸੀ ਕਿ, ਇਕ ਬੋਲਿਆ, 'ਜਨਮੇਜੇ ਤੂੰ ਜਾਨਾ ਆਉਨਾ ਰਹਿੰਨਾ, ਇਹ ਦੱਸ, ਦਿੱਲੀ ਤੋਂ ਜਰਮਨੀ ਦਾ ਕਿੰਨ੍ਹਾਂ ਕਿਰਾਇਆ?'

'ਬਸ, ਉੱਨ੍ਹਾਂ ਹੀ ਜਿੰਨਾਂ ਪਿਛਲੇ ਸਾਲ ਨਿਊਯਾਰਕ ਦਾ ਸੀ, ਤੇ ਉਸ ਤੋਂ ਪਿਛਲੇ ਸਾਲ ਟੋਕੀਓ ਦਾ ਸੀ।'

'ਪਰ ਉਦੋਂ ਤਾਂ ਅਸੀਂ ਗਏ ਹੀ ਨਹੀਂ ।'

'ਹੁਣ ਵੀ ਕਿਹੜਾ ਤੁਸੀਂ ਜਾਣਾ, ਇਸ ਲਈ ਕਿਰਾਇਆ ਉਹੀ ਹੈ।' ਮੇਰਾ ਸਪਸ਼ਟ ਜਵਾਬ ਕਈ ਮਹੀਨੇ ਹਾਸਾ ਖਲੇਰਦਾ ਰਿਹਾ।

# ਰੰਗ ਤਾਂ ਅਧੂਰੀ ਰੋਸ਼ਨੀ ਹੀ ਹੁੰਦੇ ਹਨ

ਲਓ ਹੋਰ ਸੁਣ ਲਓ, ਮੋਟਰਸੈਕਲ ਦੀ ਗੱਲ। ਜਦੋਂ ਮੈਂ ਡੀਜ਼ਲ ਵਾਲੇ ਬੁਲਟ ਤੇ ਚਾਰੇ ਪਾਸੇ ਗੇੜੇ ਦੇਣੇ ਸ਼ੁਰੂ ਕਰ ਦਿੱਤੇ ਤਾਂ ਲੋਕਾਂ ਖੜ ਖੜ ਕੇ ਵੇਖਣਾ। ਕਈਆਂ ਨੇ ਸੁਆਲ ਪੁੱਛਣੇ, ਕਈਆਂ ਨੇ ਝੂਟੇ ਵੀ ਮੰਗ ਲੈਣੇ, ਕਈਆਂ ਨੇ ਬੈਠ ਕੇ ਸੈਲਫੀ ਵਰਗੀ ਫੀਲਿੰਗ ਵੀ ਲੈ ਲੈਣੀ। ਇਕ ਨੇ ਤਾਂ ਬੈਠ ਕਿ ਸ਼ੀਸ਼ੇ ਵਿਚ ਆਪਣਾ ਬੋਦਾ ਵੀ ਵਾਅ ਲਿਆ। ਕਈਆਂ ਨੇ ਆਪਣੇ ਸਕੂਟਰ ਮੋਟਰਸੈਕਲਾਂ ਦੇ ਵੱਧ ਪਟਰੋਲ ਪੀਂਦੇ ਦੇ ਦੁਖੜੇ ਰੋਣੇ। ਇਹ ਸਭ ਕੁਝ ਵਾਪਰਦੇ ਨੂੰ ਦੇਖ ਕਈ ਵਾਰ ਵੀ ਆਈ ਪੀ ਵਰਗੀ ਫੀਲਿੰਗ ਵੀ ਆ ਜਾਣੀ, ਇਹ ਵੀ ਸੋਚਣਾ ਕਿ ਔਖੇ ਹੋ ਕੇ ਲਾਏ ਪੈਸੇ ਵਸੂਲ ਹੋ ਗਏ ਹੋਣ, ਪਰ ਅਗਲੇ ਹੀ ਪਲ ਆਪਣੇ ਆਪ ਨੂੰ ਫਟਕਾਰ ਪਾਉਣੀ ਤੇ ਮੁੜ ਧਰਤੀ ਤੇ ਆ ਜਾਣਾ। ਇਕ ਦਿਨ ਰਣਤੇਜ (ਪਿਛਲੀ ਪੋਸਟ ਵਾਲਾ) ਕਹਿੰਦਾ ਕਿ ਮੈਂ ਵੀ ਡੀਜ਼ਲ ਵਾਲਾ ਬੁਲਟ ਲੈਣਾ ਤੇ ਉਸਨੇ ਬੁਲਟ ਬਨਣਾ ਦੇ ਦਿਤਾ। ਇਕ ਦਿਨ ਕਹਿੰਦਾ ਕੇ, ਦਸ ਰੰਗ ਕਿਹੜਾ ਕਰੀਏ, ਲਾਲ, ਹਰਾ, ਨੀਲਾ, ਕਿ ਕਾਲਾ? ਮੈਂ ਕਿਹਾ ਰੰਗ ਤਾਂ ਇਕੋ ਜਿਹੇ ਹੀ ਹੁੰਦੇ ਹਨ, ਨੀਲਾ ਲਾਲ ਤੋਂ ਮਾੜਾ ਨਹੀਂ ਜਾਂ ਪੀਲਾ ਹਰੇ ਤੋਂ ਚੰਗਾ ਨਹੀਂ, ਜਿਹੜਾ ਮਰਜ਼ੀ ਕਰਾ ਲੈ।

'ਫੇਰ ਵੀ ਤੂੰ ਦਸ ਤਾਂ ਸਹੀ ?'

'ਐਂ ਕਰ ਚਿੱਟਾ ਕਰਾ ਲੈ, ਕਿਉਕਿ ਅਸਲ ਵਿਚ ਰੰਗ ਤਾਂ ਦੋ ਹੀ ਹੁੰਦੇ ਹਨ, ਕਾਲਾ- ਖਾਲੀ ਪਨ ਦਾ ਤੇ ਚਿੱਟਾ-ਭਰਪੂਰਤਾ ਦਾ, ਬਾਕੀ ਰੰਗ ਤਾਂ ਅਧੂਰੀ ਰੋਸ਼ਨੀ ਹੀ ਹੁੰਦੇ ਹਨ।'

ਕਈ ਸਾਲ ਅੰਡੇ ਵਰਗਾ ਚਿੱਟਾ ਬੁਲਟ ਲੁਧਿਆਣੇ ਦੀਆਂ ਸੜਕਾਂ ਤੇ ਘੁੰਮਦਾ ਰਿਹਾ ।

# ਚਾਹ ਦਾ ਹੀ ਪਰਛਾਵਾਂ

ਮੇਰਾ ਸੁਭਾਅ ਹੈ ਕਿ ਲੜਾਈ ਨੂੰ ਛੱਡ ਕੇ ਮੈਂ ਹਰ ਤਰ੍ਹਾਂ ਦਾ ਚੈਲਿੰਜ ਕਬੂਲ ਕਰ ਲੈਂਦਾ ਹਾਂ, ਸ਼ੁਗਲ ਦਾ ਹੋਵੇ, ਕੰਮ ਲਈ ਹੋਵੇ ਜਾਂ ਕੋਈ ਨਵੀਂ ਖੋਜ ਲਈ ਹੋਵੇ। ਬਹੁਤੀ ਵਾਰੀ ਇਹ ਚੈਲਿੰਜ ਮੈਂ ਆਪ ਹੀ ਸਿਰਜ ਲੈਂਦਾ ਹਾਂ। ਪਰ ਆਲੇ ਦੁਆਲੇ ਦੇ ਮਾਹੌਲ ਚੋਂ ਵੀ ਸਿਰਜ ਹੋ ਜਾਂਦੇ ਹਨ। 1972 ਵਿਚ ਜਦੋਂ ਮੈਂ ਪੜ੍ਹਨ ਲੱਗਾ ਤਾਂ ਇਕ ਅੰਗਰੇਜ਼ੀ ਦਾ ਕੋਰਸ ਸਾਨੂੰ ਟੈਕਨੀਕਲ ਲੇਖਣੀ ਦਾ ਵੀ ਸੀ। ਜਿਸ ਲਈ ਸਾਨੂੰ ਖੇਤੀ ਕਾਲਜ ਦੇ ਭਾਸ਼ਾ ਮਹਿਕਮੇ ਵਿਚ ਜਾਣਾ ਪੈਂਦਾ ਸੀ। ਉੱਥੇ ਸਾਡੀ ਕਲਾਸ ਪ੍ਰੋ. ਹਜ਼ਾਰਾ ਸਿੰਘ ਤੇ ਡਾ ਸਤਿਆ ਨੰਦ ਸੇਵਕ ਜੀ ਲੈਂਦੇ ਸਨ। ਸਾਨੂੰ ਉਹ ਦੋਵੇਂ ਚੰਗੇ ਲੱਗਦੇ ਸਨ। ਇਕ ਦਿਨ ਮੇਰਾ ਇਕ ਜਮਾਤੀ ਕਹਿੰਦਾ, 'ਸੁਆਦ ਆ ਜਾਵੇ ਜੇ ਕਦੇ ਪ੍ਰੋ ਸੇਵਕ ਆਪਾਂ ਨੂੰ ਚਾਹ ਪਿਲਾ ਦੇਣ।'

'ਲੈ ਇਹ ਕਿਹੜੀ ਵੱਡੀ ਗਲ ਹੈ, ਆਪਾਂ ਪਰਸੋਂ ਨੂੰ ਉਹਨਾਂ ਕੋਲ ਚਾਹ ਪੀ ਲਵਾਂਗੇ' ਜਮਾਤੀ ਮੇਰੀ ਗੱਲ ਤੇ ਯਕੀਨ ਨਹੀਂ ਸੀ ਕਰ ਰਿਹਾ, 'ਦੇਖ ਲਈਂ ਜੇ ਨਾ ਪਿਲਾਈ, ਤੇਰਾ ਕੀ ਬਣੂ'

ਤੀਸਰੇ ਦਿਨ ਮੈਂ ਉਹਨੂੰ ਸੇਵਕ ਸਾਹਿਬ ਦੇ ਕਮਰੇ ਵਿਚ ਲੈ ਗਿਆ। 'ਆਓ ਬਈ ਜੁਆਨੋ, ਬੈਠੋ,' ਤੇ ਅਸੀਂ ਉਹਨਾਂ ਦੇ ਦੇਸੀ ਲਕੜ ਦੇ ਬਣੇ ਵੱਡੇ ਸਾਰੇ ਟੇਬਲ ਦੇ ਦੂਜੇ ਪਾਸੇ ਕੁਰਸੀਆਂ ਤੇ ਬਹਿ ਗਏ। ਸੇਵਕ ਸਾਹਿਬ ਕੋਲ ਦੋ ਐਨਕਾਂ ਸਨ, ਇਕ ਦੇਖਣ ਵਾਲੀ ਤੇ ਇਕ ਪੜ੍ਹਨ ਵਾਲੀ। ਉਹ ਕੁਝ ਪੜ੍ਹ ਲਿਖ ਰਹੇ ਸਨ। ਮੈਂ ਐਧਰ ਉਧਰ ਦਿਖਿਆ ਤੇ ਆਪਣੇ ਝੋਲੇ ਚੋਂ ਛੋਟਾ ਸਟੀਲ ਦਾ ਫੁੱਟਾ ਕੱਢ ਕਿ ਮੇਜ ਨੂੰ ਰਗੜਨਾ ਸ਼ੁਰੂ ਕਰ ਦਿਤਾ ਤੇ ਨਾਲ ਬੋਲੀ ਜਾਵਾਂ, 'ਕਿੱਡੇ ਬੇਵਕੂਫ ਹੁੰਦੇ ਹਨ ਕਈ।'

ਸੇਵਕ ਸਾਹਿਬ ਨੇ ਹੈਰਾਨੀ ਨਾਲ ਐਨਕ ਬਦਲੀ ਤੇ ਪੁੱਛਦੇ, 'ਕੀ ਹੋਇਆ?'

'ਹੋਣਾ ਕੀ ਸਰ ਕੋਈ ਬੇਵਕੂਫ ਇਥੇ ਮਾੜੇ ਸ਼ਬਦ ਲਿਖ ਗਿਆ, ਬਸ ਉਹੀ ਮਿਟਾਂਉਂਦਾ ਹਾਂ, ਸ਼ੁਕਰ ਹੈ ਬਹੁਤ ਡੂੰਘੇ ਨਹੀਂ ਲਿਖੇ'

'ਕੀ ਲਿਖਿਆ?'

'ਸਰ ਛੱਡੋ ਪਰੇ'

ਉਹਨਾਂ ਨੇ ਬਹੁਤ ਜ਼ੋਰ ਪਾਇਆ ਤਾਂ, ਮੈਂ ਝੱਕਦੇ ਜੱਕਦੇ ਕਿਹਾ 'ਜੀ ਸਤਿਆ ਨਾਸ਼ ਸੇਵਕ ਲਿਖਿਆ, ਪਰ ਜੀ ਫਿਕਰ ਨਾ ਕਰੋ ਮਿਟਾ ਦਿੱਤਾ ਹੁਣ'

ਪਹਿਲੋਂ ਉਹ ਹੈਰਾਨ ਹੋਏ ਫੇਰ ਕਹਿੰਦੇ, ਚਲੋ ਤੁਹਾਨੂੰ ਚਾਹ ਪਿਲਾਵਾਂ,

ਉਹਨਾਂ ਸਾਨੂੰ ਚਾਹ ਵੀ ਪਿਲਾਈ ਤੇ ਬਰਫੀ ਵੀ ਖੁਆਈ।

ਜਦੋਂ ਅਸੀਂ ਵਾਪਸ ਜਾ ਰਹੇ ਸੀ ਤਾਂ ਮੇਰਾ ਜਮਾਤੀ ਪੁੱਛਦਾ, 'ਪਰ ਤੈਨੂੰ ਕਿਵੇਂ ਪਤਾ ਕੇ ਉੱਥੇ ਇਹ ਲਿਖਿਆ ਸੀ?'

'ਕਮਲਿਆ ਕਦੇ ਇਕ ਵਾਰ ਲਿਖਿਆ ਵੀ ਮਿੱਟਦਾ ਹੁੰਦਾ, ਉੱਥੇ ਤਾਂ ਬਸ ਤੇਰੀ ਚਾਹ ਦਾ ਹੀ ਪਰਛਾਵਾਂ ਦਿੱਸਦਾ ਸੀ ।'

# ਘਰੋਂ ਰੱਜ ਕੇ ਆਇਆਂ

ਇਕ ਦਿਨ ਮੈਂ ਤੇ ਮੇਰਾ ਮਾਮੇ ਦਾ ਮੁੰਡਾ ਹੀ ਘਰੇ ਸੀ। ਬਾਕੀ ਟੱਬਰ ਕਿਤੇ ਗਿਆ ਹੋਇਆ ਸੀ। ਸਵੇਰ ਦਾ ਵਕਤ ਸੀ, ਮੈਂ ਕਾਲਜ ਜਾਣਾ ਸੀ ਤੇ ਉਹਨੇ ਦਫਤਰ ਜਾਣਾ ਸੀ। ਸਾਡੇ ਕੋਲ 8 ਰੋਟੀਆਂ ਪੱਕੀਆਂ ਪਈਆਂ ਸਨ। ਦੋ ਦੋ ਅਸੀਂ ਹੁਣ ਖਾਣੀਆਂ ਸੀ ਤੇ ਦੋ ਦੋ ਦੁਪਹਿਰ ਵਾਸਤੇ ਸਨ। ਸ਼ਾਮ ਦੇ ਰੋਟੀ ਵੇਲੇ ਤਕ ਬਾਕੀ ਟੱਬਰ ਨੇ ਮੁੜ ਹੀ ਆਉਣਾ ਸੀ। ਹਾਲੇ ਅਸੀਂ ਟੇਬਲ ਤੇ ਬੈਠਣ ਹੀ ਲੱਗੇ ਸੀ ਕਿ ਮੇਰਾ ਜਮਾਤੀ ਵਿੱਕੀ ਆ ਗਿਆ, ਉਹ ਹੱਸਮੁੱਖ ਤੇ ਧੱਕੜ ਮੁੰਡਾ ਸੀ। ਅਸੀਂ ਉਸਨੂੰ ਕਿਹਾ ਕਿ ਉਹ ਵੀ ਰੋਟੀ ਖਾ ਲਵੇ, ਪਰ ਉਹ ਕਹਿੰਦਾ, ਮੈਂ ਤਾਂ ਘਰੋਂ ਰੱਜ ਕੇ ਆਇਆਂ, ਮੈਂ ਕਹਿ ਬੈਠਾ ਕਿ ਰਾਤ ਦੇ ਮਿੱਠੇ ਪਰਸ਼ਾਦੇ ਆ, ਸੁਆਦ ਦੇਖਲਾ। ਅੱਛਾ ਕਹਿ ਕੇ ਸਾਡੇ ਨਾਲ ਬੈਠ ਗਿਆ। ਅੰਬ ਦੇ ਅਚਾਰ ਨਾਲ, ਸਾਡੇ ਇਕ ਇਕ ਪਰਸ਼ਾਦਾ ਖਾਂਦੇ ਨੂੰ ਜੁਆਨ ਛੇ ਉਧੇੜ ਗਿਆ। ਪਾਣੀ ਕਹਿੰਦਾ ਮੈਂ ਕਾਲਜ ਜਾ ਕੇ ਹੀ ਪੀਊਂ। ਸ਼ੁਕਰ ਹੈ ਹਾਲੇ ਉਹ ਘਰੋਂ ਖਾ ਕੇ ਆਇਆ ਸੀ, ਨਹੀਂ ਤਾਂ ਪਾਣੀ ਅਸੀਂ ਵੀ ਕਾਲਜ ਜਾ ਕੇ ਹੀ ਪੀਣਾ ਸੀ ।

# ਨਹੀਂ ਦੇਣਾ ਮੈਂ ਨੰਬਰ

ਇਕ ਦਿਨ ਚੰਡੀਗੜ੍ਹ ਗਿਆ ਹੋਇਆ ਸੀ। ਛੋਟੇ ਛੋਟੇ ਕੰਮ ਸਨ। ਜਲਦੀ ਹੀ ਵਿਹਲਾ ਹੋ ਗਿਆ। ਸੋਚਿਆ, ਚਲੋ ਪੰਜਾਬੀ ਟ੍ਰਿਬੀਊਨ ਚ ਕੰਮ ਕਰਦੇ ਮਿੱਤਰਾਂ ਨੂੰ ਹੀ ਮਿਲ ਲਿਆ ਜਾਵੇ। ਉਂਝ ਵਾਪਲੀ ਦਾ ਰਾਹ ਵੀ ਉਸੇ ਪਾਸੇ ਸੀਗਾ। ਇਮਾਰਤ ਦੇ ਅੰਦਰ ਦਾਖਲ ਹੁੰਦੇ ਹੀ ਲਾਲ ਗੁਲਾਬਾਂ ਨਾਲ ਭਰੀ ਹੋ ਕਿਆਰੀ, ਸੱਜੇ ਪਾਸੇ ਮਹਿਕਾਂ ਤੇ ਸੁੰਦਰਤਾ ਬਿਖੇਰ ਰਹੀ ਸੀ। ਮਨ ਬਹੁਤ ਤਰੋਤਾਜ਼ਾ ਹੋ ਗਿਆ। ਜਦ ਹੀ ਮੈਂ ਖਬਰਾਂ ਵਾਲੇ ਕਮਰੇ ਚ ਵੜਿਆ ਤਾਂ ਜਾਣਕਾਰ ਸੱਜਣਾਂ ਨੇ ਮੁਸਕਰਾਹਟਾਂ ਦਾ ਜਾਲ ਬਿਛਾਅ ਦਿੱਤਾ। ਹੱਥ ਮਿਲਾਣ ਤੋਂ ਬਾਅਦ ਮੈਂ ਇਕ ਖਾਲੀ ਕੁਰਸੀ ਤੇ ਬੈਠ ਗਿਆ। ਦੋਸਤ ਨਾਲੇ ਕੰਮ ਕਰੀ ਜਾਣ ਨਾਲੇ ਮਾੜੀ ਮੋਟੀ ਗੱਲ ਚੱਲਦੀ ਰਹੀ। ਉਸੇ ਸਮੇਂ ਕਾਹਲੀ ਨਾਲ ਇਕ ਬੰਦਾ ਮੇਰੇ ਮੋਢਿਆ ਤੇ ਹੱਥ ਰੱਖ ਕੇ ਨਾਲ ਦੀ ਕੁਰਸੀ ਤੇ ਆ ਬੈਠਾ। ਉਤੇਜਨਾ ਚ ਭਰਪੂਰ ਉਹ ਬੰਦਾ, ਇਕ ਪੁਰਾਣਾ ਵਾਕਫ, ਪੀ ਪੀ ਵਰਮਾ ਸੀ। ਉਹਨੇ ਪੈਂਦੀ ਸੱਟੇ ਸੁਆਲ ਕਰਤਾ, 'ਪਹਿਲੋਂ ਆਪਣਾ ਫੋਨ ਨੰਬਰ ਦੇ'

'ਨਾ ਭਾਈ ਤੈਨੂੰ ਨਹੀਂ ਦੇਣਾ ਮੈਂ ਨੰਬਰ'

ਮੇਰਾ ਅਣਕਿਆਸਿਆ ਜਵਾਬ ਸੁਣ ਕੇ ਉਹ ਘਬਰਾ ਗਿਆ ਤੇ ਬਾਕੀ ਸਾਰੇ ਮੇਰੇ ਵੱਲ ਸੁਆਲੀਆ ਨਜ਼ਰਾਂ ਨਾਲ ਇਕਦਮ ਵੇਖਣ ਲੱਗ ਪਏ।

'ਦੇਖ ਜੇ ਤੈਨੂੰ ਸਤ ਸਾਲ ਮੇਰੇ ਨਾਲ ਗੱਲ ਕਰਨ ਦੀ ਲੋੜ ਨਹੀਂ ਪਈ, ਹੁਣ ਕੀ ਪੈਣੀ ਆ?'

ਮੇਰੇ ਸਪਾਟ ਜਵਾਬ ਨੇ ਕਈ ਉਸ ਨਾਲ ਖਾਰ ਖਾਂਦੇ ਚਿਹਰਿਆ ਤੇ ਮੁਸਕਰਾਹਟ ਤਾਂ ਲੈ ਆਂਦੀ, ਪਰ ਦੋ ਦਹਾਕਿਆ ਤੋ ਬਾਅਦ ਵੀ ਉਹਨੂੰ ਮੇਰੇ ਫੋਨ ਦੀ ਲੋੜ ਨਹੀਂ ਪਈ ।

# ਰਸਾਲੇ ਵਾਲੀਆਂ ਦੋ ਕੁੜੀਆਂ

1970 ਵਿਚ ਮੈਂ ਪਹਿਲੀ ਵਾਰ ਅਮਰੀਕਾ ਗਿਆ । ਉਸਤੋਂ ਪਹਿਲੋਂ ਇਕ ਮਹੀਨਾ ਇੰਗਲੈਂਡ ਬਿਤਾਇਆ। ਉੱਥੇ ਦੀਆਂ ਵੀ ਕਈ ਯਾਦਾਂ ਹਨ, ਪਰ ਗੱਲ ਅੱਜ ਅਮਰੀਕਾ ਦੀ ਹੀ ਕਰਦੇ ਹਾਂ। ਜਿੱਥੇ ਮੈਂ ਅਗਲੇਰੀ ਪੜ੍ਹਾਈ ਲਈ ਦਾਖਲਾ ਲਿਆ, ਉੱਥੇ 1700 ਵਿਦਿਆਰਥੀ ਸਨ। ਮੈਂ ਇਕੱਲਾ ਹੀ ਪਗੜੀ ਵਾਲਾ ਸੀ। ਉਦੋਂ ਵੈਸੇ ਵੀ ਬਹੁਤ ਹੀ ਘੱਟ ਭਾਰਤੀ ਹੁੰਦੇ ਸਨ ਤੇ ਪੰਜਾਬੀ ਤਾਂ ਨਾਮਾਤਰ। ਬਾਕੀ ਵਿਦਿਆਰਥੀ ਮੈਨੂੰ ਕਿਸੇ ਦੇਸ਼ ਦਾ ਰਾਜਕੁਮਾਰ ਹੀ ਸਮਝਦੇ ਸਨ। ਕੁਝ ਉਹਨਾਂ ਦੇ ਸੁਭਾਅ ਦਾ ਹਿੱਸਾ ਹੈ ਅਤੇ ਕੁਝ ਮੇਰੀ ਵੱਖਰੀ ਦਿੱਖ ਕਰਕੇ, ਮੈਨੂੰ ਹਰ ਕੋਈ ਬੁਲਾ ਕੇ ਲੰਘਦਾ। ਮੈਂ ਉਹਨਾਂ ਲਈ ਅਜੂਬੇ ਤੋਂ ਘੱਟ ਨਹੀਂ ਸਾਂ। ਇਕ ਦਿਨ ਉਹਨਾਂ ਦੇ ਮਾਸਿਕ ਰਸਾਲੇ ਵਾਲੀਆਂ ਦੋ ਕੁੜੀਆਂ ਮੇਰੀ ਇੰਟਰਵੀਊ ਲੈਣ ਆ ਗਈਆਂ। ਉਹਨਾਂ ਨੇ ਕਈ ਤਰ੍ਹਾਂ ਦੇ ਸਵਾਲ ਪੁੱਛੇ ਤੇ ਮੈਂ ਜਵਾਬ ਦੇਂਦਾ ਰਿਹਾ। ਮੇਰੀ ਅੰਗਰੇਜ਼ੀ ਤੋਂ ਉਹ ਖੁਸ਼ ਸਨ। ਪਰ ਉਹਨਾਂ ਦਾ ਆਖਰੀ ਸਵਾਲ ਅੱਜ ਵੀ ਮੈਨੂੰ ਯਾਦ ਹੀ ਨਹੀਂ, ਹਮੇਸ਼ਾਂ ਮੇਰੇ ਅੰਗ ਸੰਗ ਰਹਿੰਦਾ ਹੈ ਤੇ ਮੈਂ ਉਸਦਾ ਜਵਾਬ, ਲੜਾਈਆਂ ਲੜਦੀਆਂ ਧਿਰਾਂ ਤੋਂ ਪੁੱਛਦਾ ਰਹਿਨਾ। ਸਵਾਲ ਬੜਾ ਸੌਖਾ ਤੇ ਸਹਿਜ ਸੀ, 'ਅੰਗਰੇਜ਼ੀ ਤਾਂ ਵਧੀਆ ਬੋਲ ਲੈਂਦੇ ਹੋ, ਪਰ ਤੁਸੀਂ ਸੋਚਦੇ ਕਿਹੜੀ ਭਾਸ਼ਾ ਚ ਹੋ?'

# ਭਰੋਸੇਯੋਗ ਬਨਣ ਦੀ ਚਿਣਗ

ਹਰ ਸਾਲ ਅਧਿਆਪਕ ਦਿਵਸ ਆਉਂਦਾ ਹੈ। ਕਦੋਂ ਆਉਂਦਾ ਹੈ ਤੇ ਕਿਉਂ ਆਉਂਦਾ ਹੈ, ਮੇਰੇ ਲਈ ਕੋਈ ਮਾਅਨੇ ਨਹੀਂ ਰੱਖਦਾ, ਕਿਉਂਕਿ ਮੇਰ ਲਈ ਰੋਜ਼ ਹੀ ਅਧਿਆਪਕ ਦਿਵਸ ਹੈ। ਮੇਰੇ ਅਧਿਆਪਕ ਚਾਹੇ ਕਲਾਸਾਂ ਵਾਲੇ ਸਨ, ਚਾਹੇ ਕੰਮਾਂ ਕਾਰਾਂ ਵਾਲੇ ਸਨ, ਹਰ ਵਕਤ ਮੇਰੇ ਨਾਲ ਰਹਿੰਦੇ ਹਨ। ਹਰ ਰੋਜ਼ ਮੈਂ ਉਹਨਾਂ ਦੀਆਂ ਆਸਾਂ ਤੇ ਪੂਰਾ ਉਤਰਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਸ਼ਾਇਦ 1975 ਦੀ ਗੱਲ ਹੈ। ਕਾਲਜ ਵਿਚ ਵਿਦਿਆਰਥੀਆਂ ਨੂੰ ਵੱਖ ਵੱਖ ਮੁਕਾਬਲਿਆਂ ਲਈ ਬਾਹਰਲੇ ਸੂਬਿਆਂ ਵਿਚ ਭੇਜਿਆ ਜਾਂਦਾ ਸੀ। ਮੈਨੂੰ ਵੀ ਇਕ ਭਾਸ਼ਣ ਮੁਕਾਬਲੇ ਲਈ ਬਨਾਰਸ ਯੂਨੀਵਰਸਿਟੀ ਭੇਜਿਆ ਗਿਆ। ਤਕਰੀਬਨ ਇਕ ਹਫਤੇ ਦੀ ਯਾਤਰਾ ਸੀ। ਵਾਪਸ ਆਏ ਤਾਂ ਸਾਡਾ ਮਿਡਟਰਮ ਦਾ ਇਕ ਪੇਪਰ ਮਿਸ ਹੋ ਚੁੱਕਾ ਸੀ। ਉਹਨਾਂ ਦਿਨਾਂ ਵਿਚ ਅਧਿਆਪਕ ਮੇਕਅੱਪ ਪੇਪਰ ਲੈ ਲੈਂਦੇ ਸਨ। ਹੋਰ ਮੁਕਾਬਲਿਆਂ ਚ ਗਏ ਵਿਦਿਅਰਥੀਆਂ ਦਾ ਪੇਪਰ ਵੀ ਨਹੀਂ ਸੀ ਹੋ ਸਕਿਆ। ਸਾਡੇ ਅਧਿਆਪਕ ਡਾ. ਗਰੇਵਰ ਨੇ ਮੈਨੂੰ ਸੱਦਿਆ ਤੇ ਪੁੱਛਿਆ, ‘ਕੀ ਤੂੰ ਉਹ ਪੇਪਰ ਦੇਖਿਆ ਜੋ ਪਹਿਲਾਂ ਵਾਲੇ ਵਿਦਿਆਰਥੀਆਂ ਨੂੰ ਪਾਇਆ ਸੀ?’

‘ਨਹੀਂ ਜੀ’ ਮੇਰਾ ਜਵਾਬ ਸੀ।

‘ਠੀਕ ਹੈ, ਫੇਰ ਵੇਖੀਂ ਵੀ ਨਾ, ਮੈਂ ਹੁਣ ਵੀ ਉਹੋ ਹੀ ਪੇਪਰ ਪਾਉਣਾ, ਨਾਲੇ ਬਾਕੀਆਂ ਨੂੰ ਵੀ ਨਾ ਦੱਸੀ, ਮੈਨੂੰ ਤੇਰੇ ਤੇ ਭਰੋਸਾ ਹੈ।’

ਸੱਚ ਜਾਣਿਓ ਅੱਜ ਤੱਕ ਥਾਂ ਥਾਂ ਉਸ ਨਿੱਕੇ ਜਿਹੇ ਭਰੋਸੇ ਨੂੰ ਦੋਹਰ ਪਾਉਂਦੇ, ਕਈ ਦਹਾਕੇ ਬੀਤ ਗਏ ਹਨ। ਨਮਨ ਹਾਂ ਇਹੋ ਜਿਹੇ ਅਧਿਆਪਕ ਨੂੰ ਜਿਸਨੇ ਮੇਰੇ ਅੰਦਰ ਭਰੋਸੇਯੋਗ ਬਨਣ ਦੀ ਚਿਣਗ ਬਾਲ਼ੀ।

# ਨਾ ਨਾ ਭਾਜੀ

ਸਮੇਂ ਸਮੇਂ ਦੀ ਗੱਲ ਹੁੰਦੀ ਹੈ। ਕਈ ਸਮੇਂ ਅਜਿਹੇ ਹੁੰਦੇ ਹਨ ਕਿ ਤੁਹਾਡੇ ਨਾਲ ਦੇ ਕਾਫੀ ਦੋਸਤ, ਜੀਵਨ ਵਿਚ ਬੁਲੰਦੀਆਂ ਛੋਹ ਲੈਂਦੇ ਹਨ। ਪਰ ਉਹਨਾਂ ਦੇ ਮੁੱਢਲੇ ਦਿਨ ਕਾਫੀ ਮਿਹਨਤ ਭਰੇ ਹੁੰਦੇ ਹਨ। ਇਕੱਲੀ ਮਿਹਨਤ ਹੀ ਨਹੀਂ, ਮਸ਼ਹੂਰੀ ਲਈ ਵੀ ਕਾਫੀ ਕੋਸ਼ਿਸ਼ ਕਰਨੀ ਪੈਂਦੀ ਸੀ। ਮੇਰੇ ਮੁੱਢਲੇ ਸਮੇਂ ਵਿਚ ਮੇਰੇ ਕੋਲ ਹੀ ਕੈਮਰਾ ਹੁੰਦਾ ਸੀ, ਇਸ ਕਰਕੇ ਮੇਰੀ ਇਕ ਖਾਸ ਟੌਹਰ ਜਿਹੀ ਹੁੰਦੀ ਸੀ। ਮੈਂ ਪੈਸੇ ਲਈ ਫੋਟੋਆਂ ਨਹੀਂ ਸੀ ਖਿੱਚਦਾ, ਇਸ ਲਈ ਕਈ ਕਲਾਕਾਰ ਆਦਿ ਮੇਰੇ ਨਾਲ ਦੋਸਤੀ ਰੱਖਣ ਦੇ ਇੱਛੁਕ ਹੁੰਦੇ। ਪਰ ਕਈ ਚੰਗੇ ਮਿੱਤਰ ਵੀ ਸਨ। ਇਸ ਸਾਰੇ ਮਹੌਲ ਦਾ ਇਹ ਫਾਇਦਾ ਸੀ ਕਿ ਜਿਸਦੀ ਫੋਟੋ ਖਿੱਚਣੀ ਹੁੰਦੀ, ਉਸਤੋਂ ਜਿਹਾ ਮਰਜ਼ੀ ਪੋਜ਼ ਬਣਵਾ ਸਕਦਾ ਸੀ ਤੇ ਕਈ ਵਾਰੀ ਬਹੁਤ ਕੁਝ ਅਜੀਬ ਵੀ ਕਰ ਲੈਣਾ। ਇਕ ਵਾਰ ਮੇਰੇ ਅੜਿਕੇ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਆ ਗਏ। ਹਾਲੇ ਉਹਨਾਂ ਦੀ ਪਹਿਲੀ ਕੈਸਿਟ ਨਹੀਂ ਸੀ ਆਈ, ਉਹਨਾਂ ਸਟੇਜਾਂ ਤੇ ਪ੍ਰੋਗਰਾਮ ਕਰਨੇ ਸ਼ੁਰੂ ਕੀਤੇ ਸਨ। ਉਹ ਸ਼ਾਇਦ ਅਖਬਾਰਾਂ ਵਿਚ ਫੋਟੋਆਂ ਭੇਜਣਾ ਚਾਹੁੰਦੇ ਸਨ। ਸੋ ਉਹਨਾਂ ਨਾਲ ਸਮਾਂ ਮਿੱਥ ਕੇ ਯੂਨੀਵਰਸਿਟੀ ਦੀਆਂ ਕਈ ਥਾਵਾਂ ਤੇ ਜਾਕੇ ਫੋਟੋਆਂ ਖਿੱਚੀਆਂ। ਉਹ ਪੂਰੀ ਤਰ੍ਹਾਂ ਮੇਰੇ ਆਖੇ ਵਿਚ ਸਨ। ਇਕ ਉਜਾੜ ਜਿਹੀ ਥਾਂ ਤੇ ਜਾਕੇ, ਉਹਨਾਂ ਨੂੰ ਕਪੜੇ ਉਤਾਰ ਕੇ ਨੰਗੇ ਕਰ ਲਿਆ ਤੇ ਮੇਰੇ ਕਹੇ ਤੇ ਭੱਲੇ ਨੇ ਬਾਲ ਮੁਕੰਦ ਨੂੰ ਦੋਹੇਂ ਹੱਥਾਂ ਨਾਲ ਚੁੱਕ ਕੇ ਸਿਰ ਉੱਤੇ ਦੀ ਬਾਲਾ ਕੱਢ ਦਿੱਤਾ। ਮੇਰੀ ਫੋਟੋ ਤਾਂ ਬਨਣੀ ਹੀ ਸੀ। ਹੁਣ ਕਈ ਦਹਾਕਿਆ ਬਾਦ ਵੀ ਉਹਨਾਂ ਨੂੰ ਯਾਦ ਹੈ ਤੇ ਹਰ ਵਾਰੀ ਕਹਿਣਗੇ, 'ਨਾ ਨਾ ਭਾਜੀ ਉਹ ਫੋਟੋ ਨਾ ਛਾਪਿਓ!' ਸੋਚਦਾ ਅੱਜ ਲੱਖਾਂ ਦੇ ਕੇ ਵੀ ਕੋਈ ਫਿਲਮ ਡਾਇਰੈਕਟਰ ਭੱਲੇ ਹੁਰਾਂ ਦੀ ਕਲਾ ਦਾ ਮੇਰੇ ਵਾਂਙ ਭਰਪੂਰ ਫਾਇਦਾ ਨਹੀਂ ਲੈ ਸਕਿਆ।

# ਇਕ ਅੰਕਲ ਜੀ

ਸਿਆਟਲ(ਅਮਰੀਕਾ) ਵਿਚ ਮੇਰਾ ਮੇਲ ਇਕ ਅੰਕਲ ਜੀ ਨਾਲ ਹੋ ਗਿਆ। ਉਹ ਕਨੇਡਾ ਦੇ ਸ਼ਹਿਰ ਪਨਟਿੰਕਟਨ ਤੋਂ ਕਾਰ ਵਿਚ ਤੁਰੇ ਸਨ ਤੇ ਐਰੀਜ਼ੋਨਾ ਦੇ ਕਿਸੇ ਸ਼ਹਿਰ ਨੂੰ ਜਾ ਰਹੇ ਸਨ। ਮੇਰਾ ਕਿਹੜਾ ਕੋਈ ਪੱਕਾ ਪ੍ਰੋਗਰਾਮ ਹੁੰਦਾ ਕਿ ਕਿਧਰ ਜਾਣਾ। ਮੇਰਾ ਸਫਰ ਕਰਨ ਦਾ ਤਰੀਕਾ ਖੁੱਲ੍ਹਾ ਜਿਹਾ ਹੁੰਦਾ। ਪੰਜ ਸਤ ਕਿਲੋ ਕਪੜੇ, ਕੈਮਰਾ ਤੇ ਤਿੰਨ ਥਾਂ ਤੇ ਰੱਖੇ ਥੋੜੇ ਥੋੜੇ ਪੈਸੇ। ਜਿੱਧਰ ਨੂੰ ਚਾਹੇ ਸੁੱਕੇ ਪੱਤੇ ਨੂੰ ਹਵਾ ਲੈ ਜਾਏ ਵਾਂਙ ਮੈਂ ਵੀ ਤੁਰ ਪੈਂਦਾ ਹਾਂ। ਇਵੇਂ ਹੀ ਅੰਕਲ ਜੀ ਨਾਲ ਤੁਰ ਪਿਆ। ਕਾਰ ਕੋਈ ਦਸ ਬਾਰਾਂ ਸਾਲ ਪੁਰਾਣੀ ਸੀ। ਏਸੀ ਪੱਕਾ ਬੰਦ ਸੀ। ਜੀ ਪੀ ਐਸ ਵਾਲਾ ਰਖਨਾ ਖਾਲੀ ਸੀ। ਨਕਸ਼ਾ ਲਿਆਉਣਾ ਅੰਕਲ ਜੀ ਭੁੱਲ ਹੀ ਗਏ ਸਨ। ਫੋਨ ਰੱਖਣ ਦੇ ਵਿਰੁਧ ਸਨ ਅੰਕਲ ਜੀ। ਉਤੋਂ ਬੈਠਦੇ ਹੀ ਹੁਕਮ ਚਾੜ ਤਾ, 'ਮੈਨੂੰ ਸਾਰੇ ਰਾਹ ਪਤਾ, ਐਵੇਂ ਨਾ ਰਾਹ ਦੱਸੀ ਜਾਈਂ, ਫੋਨ ਵੀ ਨਾ ਕਰੀਂ, ਆਲੇ ਦੁਆਲੇ ਦਾ ਨਜ਼ਾਰਾ ਲਈਂ, ਤੈਨੂੰ ਪੇਂਡੂੰ ਰਾਹਾਂ ਤੋਂ ਲੈ ਕੇ ਜਾਉਂ' । ਲਓ ਜੀ ਚਾਲੇ ਪੈ ਗਏ। ਛੇ ਕੁ ਘੰਟੇ ਬਾਅਦ ਕਹਿੰਦੇ, 'ਆਪਾਂ ਇੱਥੇ (ਪੋਰਟਲੈਂਡ ਸ਼ਹਿਰ) ਇਕ ਜਾਣੂ ਦੇ ਘਰ ਰਾਤ ਕੱਟਦੇ ਹਾਂ।' ਹੁਣ ਅੰਕਲ ਜੀ ਦਾ ਅੰਦਰਲਾ ਗੂਗਲ ਚੱਲ ਪਿਆ ਤੇ ਕਦੇ ਐਸ ਗਲੀ ਤੇ ਕਦੇ ਔਸ ਗਲੀ, ਕਦੇ ਮੁੜ ਕੇ ਫੇਰ ਉਸੇ ਥਾਂ, ਅਚਾਨਕ ਹੀ ਕਹਿੰਦੇ, 'ਬਸ ਔਹੀ ਘਰ ਆ ਗੇਰੂਆ ਜਿਹਾ, ਆਇਆ ਸੀ ਮੈਂ ਇੱਥੇ ਪੰਜ ਕੁ ਸਾਲ ਪਹਿਲੋਂ' । ਅੰਕਲ ਜੀ ਕਾਰ ਚੋਂ ਉੱਤਰੇ ਤੇ ਸਿਧੀ ਬੈੱਲ ਖੜਕਾਤੀ। ਏਧਰ ਮੈਂ ਸੋਚੀ ਜਾਵਾਂ, ਬਈ ਅਮਰੀਕਾ ਚ ਤਾਂ ਲੋਕ ਚੌਥੇ ਸਾਲ ਘਰ ਬਦਲ ਲੈਂਦੇ ਆ, ਪਤਾ ਨਹੀਂ ਕੀ ਬਣਦਾ। ਅੰਕਲ ਜੀ ਵਾਪਸ ਆ ਕਿ ਕਹਿੰਦੇ, 'ਜ਼ਰੂਰੀ ਸਮਾਨ ਕੱਢ ਲਿਆ, ਬਾਕੀ ਪਿਆ ਰਹਿਣ ਦੇ।' ਰਾਤ ਨੂੰ ਲੰਮਾ ਪਿਆ ਸੋਚੀਂ ਜਾਵਾਂ, ਜਨਮੇਜਾ ਸਿਹਾਂ ਅੱਜ ਪਿਆ ਤੇਰਾ ਵਾਅ ਅਸਲੀ ਮਾਡਰਨ ਫਕੀਰ ਨਾਲ । (ਚਲਦਾ)

# ਪ੍ਰੈਗਨੈਂਟ ਟਰੀ ਫੋਰੈਸਟ

ਪੋਰਟਲੈਂਡ ਤੋਂ ਅਸੀ ਸਭ ਨੂੰ ਸੁੱਤੇ ਹੀ ਛੱਡ ਕੇ ਸਵਖਤੇ ਹੀ ਤੁਰ ਪਏ। ਰਾਹ ਵਿਚ ਪਤਾ ਲੱਗਾ ਕਿ ਅੰਕਲ ਜੀ ਦਿੱਲੀ ਕਰਨਾਲ ਐਨੀਮਲ ਸਾਇੰਸ ਦੇ ਕੋਈ ਵੱਡੇ ਸਾਇੰਸਦਾਨ ਸਨ, ਪਰ ਮਨ ਉਕਤਾਅ ਗਿਆ ਤੇ ਸਭ ਕੁਝ ਛੱਡ ਕੇ ਕਨੇਡਾ ਆ ਗਏ, ਇੱਥੇ ਕਿਸੇ ਮਹਿਕਮੇ ਵਿਚ ਕੰਮ ਕਰਕੇ ਰਿਟਾਇਰ ਹੋਏ ਸਨ। ਹਰ ਸਾਲ ਕਿਤੇ ਨਾ ਕਿਤੇ ਮੈਡੀਟੇਸ਼ਨ ਲਈ ਜਾਂਦੇ ਹਨ। ਪਰਿਵਾਰ ਬਾਰੇ ਉਹਨਾਂ ਕੋਈ ਗੱਲ ਨਹੀਂ ਕੀਤੀ ਤੇ ਨਾ ਹੀ ਮੈਂ ਪੁੱਛਣਾ ਵਾਜਬ ਸਮਝਿਆ। ਬਸ ਏਨਾ ਕੁ ਪਤਾ ਲੱਗਾ ਕਿ ਇੱਕਲੇ ਰਹਿੰਦੇ ਹਨ ਤੇ ਘਰ ਦੇ ਕੁਝ ਹਿੱਸੇ ਵਿਚ ਕੋਈ ਹੋਰ ਰਹਿੰਦਾ ਹੈ। ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕਿਰਾਏਦਾਰ ਕੌਣ ਹੈ ? ਖੈਰ ਰਾਸਤੇ ਨੂੰ ਮਾਣਦੇ ਅਸੀਂ ਦੁਪਹਿਰੇ ਜਿਹੇ ਰੋਜ਼ਵਿਲਾ ਸ਼ਹਿਰ ਪਹੁੰਚ ਗਏ। ਇੱਥੇ ਸਾਡਾ ਦੂਜਾ ਪੜਾਅ ਸੀ ਤੇ ਪਹਿਲਾਂ ਵਾਂਙ ਘਰ ਵੀ ਲੱਭਣਾ ਸੀ। ਮੈਂ ਕਿਹਾ ਕਿ ਘਰ ਲੱਭ ਲਈਏ? ਕਹਿੰਦੇ, 'ਨਹੀਂ ਪਹਿਲਾਂ ਆਪਾਂ ਵਾਲਕੈਨੋ ਦੇਖਣ ਜਾਣਾ ਹੈ' ਤੇ ਉਹਨਾਂ ਨੇ ਗੱਡੀ 80 ਮੀਲ ਲੰਬੇ ਪਹਾੜੀ ਰਸਤੇ ਵੱਲ ਹਕ ਲਈ। ਖ਼ੂਬਸੂਰਤ ਨਜ਼ਾਰੇ ਤੇ ਛੇਤੀ ਹੀ ਬਰਫ ਆ ਗਈ। ਜਦੋਂ ਅਸੀਂ ਐਨ ਵਾਲਕੈਨੋ ਦੇ ਮੂੰਹ ਕੋਲ ਪਹੁੰਚੇ ਤਾਂ ਬਰਫ ਦਾ ਤੁਫਾਨ ਆ ਗਿਆ। ਮਸੀਂ ਕਾਰ ਮੋੜੀ ਤੇ ਵਾਪਸ ਚੱਲ ਪਏ। ਥੋੜੀ ਦੂਰ ਜਾ ਕੇ ਰੁੱਕ ਗਏ। ਇੱਥੇ ਸਫੈਦੇ ਵਰਗੇ ਰੁੱਖਾਂ ਦਾ ਜੰਗਲ ਸੀ। ਹਰ ਰੁੱਖ ਦੇ ਵਿਚਾਲੇ ਫੁੱਲੇ ਪੇਟ ਵਰਗਾ ਉਭਾਰ ਸੀ, ਪੁੱਛਣ ਤੇ ਪਤਾ ਲੱਗਾ ਕਿ ਇਸਨੂੰ 'ਪ੍ਰੈਗਨੈਂਟ ਟਰੀ ਫੋਰੈਸਟ' ਯਾਨੀ, 'ਗੱਭਣ ਰੁੱਖਾਂ ਦਾ ਜੰਗਲ' ਕਹਿੰਦੇ ਹਨ। ਕਮਾਲ ਦੀ ਨਾ ਭੁੱਲਣ ਯੋਗ ਥਾਂ ਸੀ ਜਿਸਦਾ ਆਮ ਭਾਰਤੀ ਸੈਲਾਨੀਆਂ ਨੂੰ ਨਹੀਂ ਪਤਾ ਹੁੰਦਾ, ਇਹ ਤਾਂ ਅੰਕਲ ਜੀ ਵਰਗੇ ਯੋਗੀ ਹੀ ਲੱਭ ਸਕਦੇ ਹੁੰਦੇ ਹਨ। ਇਸ ਸਵਰਗ ਤੋਂ ਬਾਅਦ ਜਾਣੂ ਬੰਦੇ ਦਾ ਘਰ ਲੱਭਾ ਕਿ ਨਹੀਂ, ਅਗਲੇ ਹਿੱਸੇ ਚ ਜਾਣਾਂ ਗੇ।

# ਅੰਕਲ ਮੋਅ ਆਏ ਹਨ

ਜਿਵੇਂ ਹੀ ਅਸੀ ਬਰਫ ਤੇ ਪ੍ਰੈਗਨੈਂਟ ਰੁੱਖਾਂ ਦੇ ਜੰਗਲ ਤੋਂ ਚਾਲੇ ਪਾਏ ਤਾਂ ਸਾਰਾ ਮਹੌਲ ਹੀ ਬਦਲ ਗਿਆ। ਨਿਵਾਣ ਵੱਲ ਨੂੰ ਜਾਂਦਿਆਂ ਨਦੀ ਦੇ ਤੇ ਲੰਮੇ ਹਰੇ ਰੁੱਖਾਂ ਦੇ ਨਜ਼ਾਰੇ ਨੇ ਰੂਹ ਨਸ਼ਿਆ ਦਿਤੀ। ਅਸੀਂ ਰਾਹ ਵਿਚ ਕਈ ਵਾਰੀ ਰੁਕੇ। ਰਸਤੇ ਦੀ ਖ਼ੂਬਸੂਰਤੀ ਸਾਨੂੰ ਅੱਗੇ ਤੁਰਨ ਹੀ ਨਹੀਂ ਸੀ ਦੇਂਦੀ। ਕਰਦੇ ਕਰਾਉਂਦੇ ਸਾਨੂੰ ਹਨ੍ਹੇਰਾ ਹੋ ਗਿਆ। ‘ਮੇਰੇ ਹਿਸਾਬ ਨਾਲ ਘਰ ਹਾਈਵੇ ਦੇ ਪਾਰ ਸੀ ਤੇ ਦੁਕਾਨ ਹਾਈਵੇ ਦੇ ਏਧਰਲੇ ਪਾਸੇ’ ਅੰਕਲ ਜੀ ਨੇ ਅਨੁਮਾਨ ਜਿਹਾ ਲਾਕੇ ਕਿਹਾ। ਕੋਈ ਪੰਜ ਕੁ ਗਲੀਆਂ ਘੁੰਮਣ ਤੋਂ ਬਾਅਦ ਉਹ ਕਾਰ ਹਾਈਵੇ ਦੇ ਦੂਜੇ ਪਾਸੇ ਲੈ ਗਏ। ਥੋੜੇ ਚਿਰ ਬਾਅਦ ਉਹਨਾਂ ਕਾਰ ਇਕ ਗੈਸ ਸਟੇਸ਼ਨ (ਪਟਰੋਲ ਪੰਪ) ਤੇ ਲਾ ਦਿੱਤੀ ਤੇ ਕਹਿੰਦੇ ‘ਮੈਂ ਉਤਰ ਕੇ ਦੇਖਦਾਂ’। ਉਹਨਾਂ ਚਾਰੇ ਪਾਸੇ ਨਜ਼ਰ ਮਾਰੀ ਤੇ ਫਿਰ ਮੈਨੂੰ ਕਾਰ ਚ ਬੈਠਣ ਨੂੰ ਕਿਹਾ। ਕਾਰ ਉਹਨਾਂ ਘੁਮਾਅ ਕਿ ਦੂਜੇ ਪਾਸੇ ਇਕ ਦੁਕਾਨ ਤੇ ਲਾ ਦਿੱਤੀ। ‘ਵੇਅਰ ਇਜ਼ ਅਜੀਤ?’ ਉਹਨਾਂ ਉੱਥੇ ਕੰਮ ਕਰਦੀ ਅੰਗਰੇਜ਼ ਕੁੜੀ ਨੂੰ ਪੁਛਿਆ। ‘ਉਹ ਤਾਂ ਘਰੇ ਚਲਾ ਗਿਆ’ ਜਵਾਬ ਵੀ ਅੰਗਰੇਜ਼ੀ ਵਿਚ ਸੀ। ‘ਓ ਕੇ ਉਹਨੂੰ ਫੋਨ ਕਰ ਤੇ ਦੱਸ ਕਿ ਅੰਕਲ ਮੋਅ ਆਏ ਹਨ’। ਫੋਨ ਤੇ ਗੱਲਬਾਤ ਹੋ ਗਈ, ਰਸਤਾ ਦੱਸ ਦਿਤਾ ਤੇ ਇਕ ਚੌਂਕ ਤੋਂ ਬਾਅਦ ਪਹਿਲੇ ਸੱਜੇ ਮੁੜਨਾ ਸੀ। ਪਰ ਆਹ ਕੀ ? ਜਿਉਂ ਹੀ ਪਹਿਲਾ ਮੋੜ ਕੱਟਿਆ ਅਸੀਂ ਸਿੱਧੇ ਕਬਰਸਤਾਨ ਵਿਚ ਜਾ ਵੜੇ। ਸਾਨੂੰ ਸਮਝ ਨਾ ਲੱਗੇ ਤੇ ਹੱਸੀਂ ਜਾਈਏ ਕਿ, ਨਾ ਤਾਂ ਹਾਲੇ ਇੱਥੇ ਆਉਣ ਦਾ ਸਾਡਾ ਸਮਾਂ ਹੋਇਆ ਹੈ ਤੇ ਨਾਲੇ ਕਦੇ ਕੋਈ ਆਪੇ ਚੱਲ ਕਿ ਵੀ ਇੱਥੇ ਆਉਂਦਾ ਹੈ। ਬਾਅਦ ਪਤਾ ਲੱਗਾ ਕਿ ਅਸੀਂ ਮੁੜਨਾ ਤਾ ਹਾਲੇ ਥੋੜਾ ਅੱਗੇ ਜਾ ਕੇ ਸੀ. ਪਰ ਇਹ ਸੜਕ ਦਾ ਮੋੜ ਹੀ ਏਨਾ ਖ਼ੂਬਸੂਰਤ ਸੀ ਕਿ ਬਦੋਬਦੀ ਮੁੜ ਗਏ। ਚਲੋ ਅੱਗੇ ਅਜੀਤ ਤੇ ਉਸਦਾ ਪਰਿਵਾਰ ਉਡੀਕ ਰਿਹਾ ਸੀ। ਅੰਕਲ ਜੀ ਨੇ ਮੋਟੇ ਮੋਟੇ ਦੋ ਲਾ ਲਏ ਤੇ ਮੈਂ ਸੈਵਨ ਅੱਪ ਨੂੰ ਨਿੰਬੂ ਦਾ ਤੜਕਾ ਲਵਾ ਲਿਆ। ਅੰਕਲ ਜੀ ਨਾਲ ਆਖਰੀ ਦਿਨ ਦੀ ਕਹਾਣੀ ਲਈ ਇੰਤਜ਼ਾਰ ਕਰੋ ।

# ਰਾਤ ਇੱਥੇ ਰੁੱਖ ਥੱਲੇ

ਰੋਜ਼ ਵਿਲੇ ਵਿਖੇ ਭਰਪੂਰ ਨੀਂਦ ਲੈਣ ਬਾਅਦ ਅਸੀਂ ਸੈਕਰਾਮੈਂਟੋ ਨੂੰ ਚਾਲੇ ਪਾ ਦਿੱਤੇ, ਜਿੱਥੋਂ ਅੱਗੇ ਮੈਨੂੰ ਇੰਦਰਜੀਤ ਥਰੀਕੇ ਵਾਲੇ ਨੇ ਲੈਣਾ ਸੀ। ਅੰਕਲ ਜੀ ਦੇ ਮਨ ਦੇ ਨਕਸ਼ੇ ਮੁਤਾਬਕ ਅਸੀਂ ਕਿਸੇ ਛੋਟੇ ਜਿਹੇ ਸ਼ਹਿਰ ਚ ਮਿਲਣਾ ਸੀ, ਜਿੱਥੇ ਉਨਾਂ ਦਾ ਕੋਈ ਜਾਣੂ ਸੀ। ਅਸੀਂ ਵੱਡੀ ਹਾਈਵੇ ਨੂੰ ਛੱਡ ਕੇ ਲੋਕਲ ਸੜਕ ਫੜ੍ਹ ਲਈ। ਇਹ ਸੀ ਤਾਂ ਭਾਵੇਂ ਇਕਹਿਰੀ ਪਰ ਇਹ ਬਾਗਾਂ ਚੋਂ ਲੰਘਦੀ ਸੀ। ਸਾਡੇ ਸੜਕਾਂ ਦੇ ਕੰਢੇ ਲੱਗੀਆਂ ਅਮਰੂਦਾ ਦੀਆਂ ਰੇਹੜੀਆਂ ਵਾਗ ਰਾਹ ਵਿਚ ਥਾਂ ਥਾਂ ਲੋਕਲ ਤਾਜ਼ੇ ਫਲਾਂ ਦੀਆਂ ਸਜਾਈਆਂ ਰੇਹੜੀਆਂ ਵਰਗੀਆਂ ਦੁਕਾਨਾਂ ਸਨ। ਅਸੀਂ ਵੀ ਕੁਝ ਫਲ ਲਏ ਤੇ ਕੈਲੀਫੋਰਨੀਆ ਦੇ ਫਲਾਂ ਦਾ ਸੁਆਦ ਲਿਆ। ਇਹ ਸੁਆਦ ਦਾ ਫਰਕ ਸਿਰਫ ਖਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਰਾਹ ਵਿਚ ਪੰਜਾਬ ਵਾਂਙ ਹੀ ਝੋਨੇ ਦੀ ਕਾਸ਼ਤ ਲਈ ਪਾਣੀ ਨਾਲ ਨੱਕੋ ਨੱਕ ਭਰੇ ਖੇਤ ਵੇਖੇ। ਇਥੇ ਝੋਨੇ ਦੀ ਪਨੀਰੀ ਨਹੀਂ ਲਗਾਉਂਦੇ, ਸਗੋਂ ਛੋਟੇ ਜ਼ਹਾਜ਼ ਨਾਲ ਦਵਾਈ ਤੇ ਖਾਦ ਚ ਲਿਪਟੇ ਬੀਜ ਨੂੰ ਸਟੇਨ ਗੰਨ ਵਾਂਙ ਬੀੜ ਬੰਨ ਕੇ ਖੇਤ ਵਿਚ ਸੁੱਟਦੇ ਹਨ। ਇਹ ਵੀ ਅਦਭੁੱਤ ਸੀਨ ਸੀ। ਯੂਬਾ ਸਿਟੀ ਕੋਲ 20-20 ਫੁੱਟ ਉੱਚੇ ਰੰਗ ਬਿਰੰਗੇ ਖਿੜੇ ਹੋਏ ਬੋਗਨਵਿਲੀਆ ਦੇ ਪੌਦੇ ਵੇਖੇ। ਇੰਦਰਜੀਤ ਫੋਨ ਕਰ ਰਿਹਾ ਤੇ ਲੋਕੇਸ਼ਨ ਪੁੱਛ ਰਿਹਾ ਸੀ ਤੇ ਉਧਰ ਅੰਕਲ ਜੀ ਦਾ ਜੀਪੀਐਸ ਖੋਤਾ ਖਾ ਚੁੱਕਾ ਸੀ। ਤਕਰੀਬਨ 100 ਮੀਲ ਕਾਰ ਫਾਲਤੂ ਚੱਲ ਚੁੱਕੀ ਸੀ, ਅੰਕਲ ਜੀ ਦਾ ਅੱਡਾ ਨਹੀਂ ਸੀ ਲੱਭ ਰਿਹਾ। ਉੱਤੋਂ ਮੈਨੂੰ ਰਾਹ ਪੁੱਛਣ ਤੋਂ ਸਖਤੀ ਨਾਲ ਮਨ੍ਹਾਂ ਕਰ ਦਿੱਤਾ। ਇੰਦਰਜੀਤ ਨੂੰ ਮੈ ਕਿਹਾ ਕਿ 'ਤੂੰ ਕਿਤੇ ਖੜ੍ਹ ਜਾ, ਜਦੋਂ ਕੋਈ ਸਿਰਾ ਲੱਗਾ, ਤੈਨੂੰ ਦੱਸੂੰ।' ਹੁਣ ਮੈਂ ਸ਼ਾਂਤ ਚਿੱਤ ਹੋ ਆਲੇ ਦੁਆਲੇ ਦੇ ਬਜ਼ਾਰ ਦੇ ਦ੍ਰਿਸ਼ ਮਾਨਣ ਲੱਗਾ ਤੇ ਨਾਲ ਕੈਮਰੇ ਤੋਂ ਕੰਮ ਲੈਂਦਾ ਰਿਹਾ। ਅੰਕਲ ਜੀ ਕਈ ਪਾਸੇ ਘੁੰਮਦੇ ਰਹੇ ਤੇ ਕਿਸੇ ਸੜਕ ਦਾ ਜ਼ਿਕਰ ਕਰਦੇ ਰਹੇ। ਦੋ ਕੁ ਘੰਟੇ ਬਾਅਦ ਉਹਨਾਂ ਇਕ ਪੰਪ ਤੇ ਕਾਰ ਪਾਰਕ ਕਰ ਲਈ ਤੇ ਮੈਨੂੰ ਕਹਿੰਦੇ, 'ਸੱਦ ਲਾ ਆਪਣੇ ਮਿੱਤਰ ਨੂੰ, ਮੇਰਾ ਟਿਕਾਣਾ ਆ ਗਿਆ' ਮੈਂ ਕਿਹਾ 'ਪਤਾ ਕਰਲੋ ਆਪਣੇ ਬੰਦੇ ਦਾ ਨਹੀਂ ਸਾਡੇ ਨਾਲ ਹੀ ਚਲੋ' 'ਨਹੀਂ ਨਹੀਂ, ਮੈਂ ਰਾਤ ਇੱਥੇ ਰੁੱਖ ਥੱਲੇ ਵੀ ਕੱਢ ਲੈਣੀ ਆ'

ਰਸਤੇ ਵਿਚ ਮੈਂ ਗਰੇਵਾਲ ਨੂੰ ਉਸ ਸੜਕ ਬਾਰੇ ਪੁਛਿਆ, ‘ਉਹ ਸੜਕ ? ਉਹ ਤਾਂ ਕਦੋਂ ਦੀ ਪੁੱਟ ਕਿ ਨਵਾਂ ਹਾਈਵੇ ਬਣ ਚੁੱਕਾ’ ਮੈਂ ਭਾਵੇਂ ਉਹਨਾਂ ਤੋਂ ਵਿਛੜ ਚੁੱਕਾ ਸੀ, ਪਰ ਉਹਨਾਂ ਦੇ ਕੁਦਰਤੀ ਜੀਪੀ ਐਸ ਦੀ ਖੈਰ ਮੰਗਦਾ ਰਿਹਾ।

# ਕੀ ਹੋਇਆ?

1990 ਦੀ ਗੱਲ ਹੈ, ਮੈਂ ਬਜ਼ਾਰ ਤੋਂ ਸਕੂਟਰ ਤੇ ਘਰ ਵਾਪਸ ਆ ਰਿਹਾ ਸੀ, ਉਦੋਂ ਉੱਚੇ ਪੁਲ ਦਾ ਡਿਵਾਇਡਰ ਨਵਾਂ ਨਵਾਂ ਬਣਿਆ ਸੀ। ਮੈਂ ਘੱਟ ਹੀ ਰਫਤਾਰ ਤੇ ਸੀ। ਅਚਾਨਕ ਖੱਬੇ ਪਾਸੇ ਤੋਂ ਤਿੰਨ ਮਜ਼ਦੂਰ ਦੌੜ ਕੇ ਸੜਕ ਪਾਰ ਕਰਨ ਲੱਗੇ ਸਿੱਧੇ ਮੇਰੇ ਵਿਚ ਵਜ ਗਏ। ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਡਿਵਾਡਰ ਤੇ ਪਿਆ ਸੀ ਤੇ ਕਿਸੇ ਨੇ ਮੇਰਾ ਸਕੂਟਰ ਚੁੱਕ ਕੇ ਖੜਾ ਕੀਤਾ ਹੋਇਆ ਸੀ। ਉੱਥੋਂ ਮੈਨੂੰ ਕੋਈ ਸਾਡੇ ਵਾਕਿਫ ਡਾਕਟਰ ਕੋਲ ਲੈ ਗਿਆ ਜਿਸਨੇ ਮੇਰਾ ਬਣਦਾ ਇਲਾਜ ਸ਼ੁਰੂ ਕਰ ਦਿੱਤਾ। ਮੇਰੀ ਬਾਂਹ ਦਾ ਖੱਬਾ ਗੁੱਟ ਚੁੱਕਾ ਸੀ ਤੇ ਪਸਲੀਆਂ ਵੀ ਤਿੜਕ ਗਈਆਂ ਸਨ। ਡਾਕਟਰ ਨੇ ਛੇ ਹਫਤੇ ਲਈ ਮੰਜੇ ਤੇ ਪਾ ਦਿੱਤਾ। ਨਾ ਖੱਬਾ ਨਾ ਸੱਜਾ, ਪਾਸਾ ਲੈ ਹੁੰਦਾ ਸੀ। ਬੜੀ ਮੁਸ਼ਕਲ ਨਾਲ ਰਾਤ ਕੱਢੀ। ਸਵੇਰੇ ਕਈ ਦੋਸਤ ਹਾਲ ਪੁੱਛਣ ਆ ਗਏ। ਕੀ ਹੋਇਆ? ਕਿਵੇਂ ਹੋਇਆ? ਦੱਸ ਦੱਸ ਕਿ ਬੁਰਾ ਹਾਲ ਹੋ ਗਿਆ। ਇਕ ਦਰਦ ਤੇ ਉਤੋਂ ਘਟਨਾ ਦੇ ਵਰਨਣ ਦੀ ਦੋਹਰ, ਸੱਚ ਮੁੱਚ ਦਿਲ ਕਰਦਾ ਸੀ ਬੂਹੇ ਨੂੰ ਬਾਹਰੋਂ ਜਿੰਦਾ ਲਾ ਕੇ ਉੱਤੇ 'ਲਾਪਤਾ' ਲਿਖ ਦੇਵਾਂ। ਕਹਿੰਦੇ ਕੁਦਰਤ ਹਰ ਸਮੱਸਿਆ ਦਾ ਹੱਲ ਕੱਢਦੀ ਹੈ। ਰਾਤ ਜਾਗਦੇ ਪਏ ਨੂੰ ਹੱਲ ਸੁੱਝ ਗਿਆ। ਹੁਣ ਸਵੇਰ ਦੀ ਉਡੀਕ ਸੀ। ਜਿਉਂ ਹੀ ਪਹਿਲਾ ਖਬਰਚੀ ਆਇਆ, ਆਪਾਂ ਫਾਰਮੂਲਾ ਜੜ ਤਾ। ਅਗਲੇ ਤੀਹ ਪੈਂਤੀ ਦਿਨ ਤੀਆਂ ਵਾਂਙ ਲੰਘੇ। ਜਦ ਵੀ ਕਿਸੇ ਆਉਣਾ, ਆਪਾਂ ਨੂੰ ਚਾਅ ਚੜ੍ਹ ਜਾਣਾ, ਅਗਲੇ ਨੇ ਜਦ ਵੀ 'ਕੀ ਹੋਇਆ?' ਪੁੱਛਣਾ, ਆਪਾਂ ਸੱਟ ਲੱਗਣ ਦੀ ਨਵੀਂ ਕਹਾਣੀ ਘੜ ਕੇ ਸੁਣਾ ਦੇਣੀ, ਕਦੇ ਪਰੀ ਟਕਰਾਈ ਦੀ, ਕਦੇ ਅਸਮਾਨੋਂ ਡਿਗੇ ਦੀ, ਕਦੇ ਰੇਲ ਗੱਡੀ ਰੋਕਣ ਦੀ ਕੋਸ਼ਿਸ਼ ਦੀ। ਗੱਲ ਕੀ ਦਰਜਨਾਂ ਕਹਾਣੀਆਂ ਨਾਲ ਦੀ ਨਾਲ ਸਿਰਜ ਦਿੱਤੀਆਂ। ਅਗਲੇ ਬੰਦੇ ਨੂੰ ਸੁਣਨੀ ਪੈਂਦੀ ਸੀ ਤੇ ਮੇਰਾ ਸੋਹਣਾ ਵਕਤ ਨਿਕਲ ਜਾਂਦਾ ਸੀ। ਰਬ ਕਰੇ ਕਿਸੇ ਨੂੰ ਇੰਵ ਕਹਾਣੀਆਂ ਸੁਨਾਉਣ ਦਾ ਮੌਕਾ ਨਾ ਮਿਲੇ ।

# ਕੰਨ ਜਿਹੇ ਵਲੇਟ ਕੇ

ਇਕ ਕਵੀ ਦਰਬਾਰ ਸੀ, ਕਾਫੀ ਰੌਣਕ ਲੱਗੀ ਹੋਈ ਸੀ। ਮੈਂ ਵੀ ਵਿਚੇ ਤੁਰਿਆ ਫਿਰਦਾ ਸੀ। ਸਾਡੇ ਪੰਜਾਬੀ ਦੇ ਸਮਾਗਮ ਅਕਸਰ ਦੇਰ ਨਾਲ ਹੀ ਸ਼ੁਰੂ ਹੁੰਦੇ ਸਨ(ਹਨ)। ਇਕ ਛਲਾਰੂ ਜਿਹਾ (ਹੁਣ ਵੱਡਾ ਕਵੀ ਬਣ ਗਿਆ ਹੈ, ਕਿਤਾਬਾਂ ਵੀ ਛੱਪਵਾ ਚੁੱਕਾ ਹੈ) ਮੈਨੂੰ ਕਹਿੰਦਾ, 'ਭਾਜੀ ਇਕ ਕੰਮ ਸੀ' 'ਜੇ ਕਿਸੇ ਤੋਂ ਕਿਤਾਬ ਜੋਗੀਆਂ ਗਜ਼ਲਾਂ ਹੀ ਲੈ ਦਿਓ ਤਾਂ, ਪੈਸੇ ਮੈਂ ਖਰਚ ਲਊਂ, ਪਰ ਰੇਟ ਪਹਿਲਾਂ ਕਰ ਲਿਓ' ।

ਮੈਂ ਜਕੋ ਤਕੀ ਵਿਚ ਸਾਂ, ਤਾਂ ਉਹਨੇ ਮੈਨੂੰ, ਮੇਰੇ ਜਾਣੂ ਇਕ ਬਜ਼ੁਰਗ ਕਵੀ ਨਾਲ ਗੱਲ ਕਰਨ ਨੂੰ ਕਿਹਾ, ਜੋ ਉੱਥੇ ਵੀ ਆਇਆ ਹੋਇਆ ਸੀ। ਉਹਦੇ ਤਰਲੇ ਨੇ ਨਾਂਹ ਦੀ ਗੁੰਜ਼ਾਇਸ਼ ਮੱਧਮ ਕਰ ਦਿੱਤੀ। 'ਅੱਛਾ ਦੇਖਦਾਂ' ਕਹਿ ਖਹਿੜਾ ਤਾਂ ਛੁਡਾ ਲਿਆ, ਪਰ ਮੇਰੇ ਅੰਦਰ ਇਕ ਯੁੱਧ ਚੱਲ ਪਿਆ, ਫੇ ਸੋਚਿਆ ਕਿ ਚਲੋ ਇਹ ਵੀ ਇਕ ਚੈਲਿੰਜ ਹੀ ਸਹੀ, ਨਾਲੇ ਇਸ ਸਹਿਤਕ ਵਪਾਰ ਦਾ ਪਤਾ ਲੱਗ ਜੂ । ਰੱਬ ਨਾ ਕਰੇ ਮੈਨੂੰ ਵੀ ਕਦੇ ਲੋੜ ਪੈ ਸਕਦੀ ਹੈ। ਲਓ ਜੀ ਫਿਰਦੇ ਤੁਰਦੇ ਨੇ ਬਾਬਾ ਅੜਿਕੇ ਲੈ ਲਿਆ। ਉਹਦੇ ਲਾਲਚੀ ਹੋਣ ਦਾ ਤਾਂ ਮੈਨੂੰ ਪਤਾ ਹੀ ਸੀ ਤੇ ਇਹ ਵੀ ਮੇਰਾ ਮੱਤ ਪੱਕਾ ਹੈ ਕਿ, ਅੜਿਕੇ ਹਮੇਸ਼ਾਂ ਲਾਲਚੀ ਬੰਦਾ ਹੀ ਆਉਂਦਾ, ਸੋ ਗੱਲਬਾਤ ਖੁੱਲ੍ਹ ਗਈ, ਸੌਦਾ ਪੂਰੀ ਕਿਤਾਬ ਦਾ ਦਸ ਹਜ਼ਾਰ ਚ ਹੋ ਗਿਆ, ਪਰ ਉਹ ਪ੍ਰੇਸ਼ਾਨ ਲੱਗਦਾ ਸੀ ਤੇ ਲਗਾਤਾਰ ਆਲੇ ਦੁਆਲੇ ਕਿਸੇ ਨੂੰ ਭਾਲ ਰਿਹਾ ਸੀ, ਇਸੇ ਕਰਕੇ ਸ਼ਾਇਦ ਮੈਨੂੰ ਗਲੋਂ ਲਾਹੁਣ ਲਈ, ਛੇਤੀ ਤੇ ਘੱਟ ਪੈਸਿਆਂ ਵਿਚ ਸੌਦਾ ਕਰ ਗਿਆ ਸੀ। ਮੈਂ ਪਤਿਆ ਕੇ ਬਾਬਾ ਜੀ ਦੀ ਪ੍ਰੇਸ਼ਾਨੀ ਜਾਨਣ ਦੀ ਕੋਸ਼ਿਸ਼ ਕੀਤੀ।

'ਹੋਣਾ ਕੀ ਆ, ਇਕ ਨਵੀਂ ਗਜ਼ਲ ਤਾਂ ਮੈਂ ਫਲਾਣੀ ਨੂੰ ਆਪ ਦਿੱਤੀ ਸੀ, ਦੂਜੀ, ਉਹੀ ਗਜ਼ਲ ਮੇਰੀ ਪਤਨੀ ਤੋਂ ਲੈ ਗਈ, ਉਹ ਦੋਨੋ ਇੱਥੇ ਸੁਨਾਉਣ ਲਈ ਲੈ ਆਈਆਂ ਹਨ, ਹੁਣ ਮੇਰੀ ਸਮੱਸਿਆ ਕੇ ਮੈਂ ਵੀ ਉਹੋ ਗਜ਼ਲ ਹੀ ਸੁਨਾਉਣ ਲਈ ਲੈ ਕੇ ਆਇਆਂ।'

ਮੈਂ ਕੰਨ ਜਿਹੇ ਵਲੇਟ ਕੇ ਉੱਥੋਂ ਖਿਸਕ ਆਇਆ, ਛਲਾਰੂ ਦਾ ਸੌਦਾ ਵੀ ਮੈਂ ਕਰਵਾ ਨਾ ਸਕਿਆ।

# ਡਲੈਵਰ ਜੁਦੇ ਬਿਠਾਉਣੇ ਆਂ

ਜਦੋਂ ਦਾ ਮਨ ਦੀ ਮੌਜ ਲਿਖਣਾ ਸ਼ੁਰੂ ਕੀਤਾ ਹੈ, ਕਿਸੇ ਪੁਰਾਣੀ ਫਿਲਮ ਦੇ ਕੱਟੇ ਹੋਏ ਸੀਨਾਂ ਵਾਂਙ ਯਾਦਾਂ ਦੀ ਪਟਾਰੀ ਭਰ ਭਰ ਕਿ ਉੱਛਲਣੀ ਸ਼ੁਰੂ ਹੋ ਗਈ ਹੈ। ਪਤਾ ਨਹੀਂ ਭੁੱਲੇ ਵਿਸਰੇ ਵਾਕਿਆਤ ਕਿਵੇਂ ਚਿੱਟੇ ਦਿਨ ਵਾਂਙ ਚੜ੍ਹ ਆਏ ਹਨ। ਮੈਂ ਸਮਝਦਾ ਸੀ ਕਿ ਮੈਂ ਸਭ ਕੁਝ ਭੁੱਲ ਜਾਂਦਾ ਹਾਂ, ਪਰ ਆ ਤਾਂ ਜਿਵੇਂ ਭਰੀ ਭਰਾਈ ਡਿਸਕ ਹੀ ਮਿਲ ਗਈ ਹੋਵੇ। ਹੁਣ ਤਕ ਏਨਾ ਕੁਝ ਯਾਦ ਆ ਚੁੱਕਾ ਹੈ ਕਿ ਮੈਂ ਤੁਹਾਨੂੰ ਉਕਤਾਅ ਜਾਣ ਦੀ ਹੱਦ ਤਕ ਗੱਲਾਂ ਸੁਣਾ ਸਕਦਾ ਹਾਂ, ਚੰਗੀਆਂ -ਮੰਦੀਆਂ, ਪਿਆਰ -ਨਫਰਤ, ਗਿਆਨ -ਅਗਿਆਨ, ਅਕਲ -ਮੂਰਖਤਾ, ਗੱਲ ਕੀ ਤੁਸੀਂ ਨਾਮ ਲਵੋ ਮੈਂ ਕੁੰਢਾ ਖੋਹਲ ਦੇਵਾਂਗਾ। ਪਰ ਮਨੁੱਖ ਦੀ ਦਿੱਖ ਤੋਂ ਕੌਣ ਧੋਖਾ ਖਾ ਜਾਵੇ, ਪਤਾ ਨਹੀਂ ਹੁੰਦਾ। ਸਾਡਾ ਇਕ ਦੋਸਤ ਕਨੇਡਾ ਰਹਿੰਦਾ, ਆਪਣੀ ਮਿਹਨਤ ਨਾਲ ਵੱਡੀ ਪ੍ਰੋਫੈਸਰ ਦੀ ਪਦਵੀ ਤੇ ਪਹੁੰਚ ਗਿਆ। ਪਰ ਹੈ ਯਾਰਾਂ ਦਾ ਯਾਰ, ਐਨੀ ਐਬ ਰਹਿਤ ਜ਼ਿੰਦਗੀ ਕਿ ਕਈ ਵਾਰੀ ਗੁੱਸਾ ਵੀ ਆ ਜਾਂਦਾ। ਇਕ ਦਿਨ ਉਹਨੇ ਇੰਡੀਆ ਆਉਣ ਦਾ ਪ੍ਰੋਗਰਾਮ ਬਣਾ ਲਿਆ। ਮੈਨੂੰ ਵੀ ਦਿਲੀ ਛੋਟ ਜਿਹਾ ਕੰਮ ਸੀ, ਮੈਂ ਆਪਣੇ ਇਕ ਟੈਕਸੀ ਵਾਲੇ ਦੋਸਤ ਨਾਲ ਦਿੱਲੀ ਤੋਂ ਉਸਨੂੰ ਲੈ ਕੇ ਆਉਣ ਪ੍ਰੋਗਰਾਮ ਬਣਾ ਲਿਆ। ਏਅਰਪੋਰਟ ਤੋਂ ਨਿਕਲਦੇ ਹੀ ਉਸਨੇ ਪੱਗ ਲਾਹ ਕਿ ਪਟਕਾ ਬੰਨ ਲਿਆ, ਥਕਿਆ ਹੋਣ ਕਰਕੇ ਸੌਂ ਗਿਆ। ਅੱਧੀ ਕੁ ਰਾਤ ਨੂੰ ਅਸੀਂ ਕਰਨਾਲ ਇਕ ਢਾਬੇ ਤੇ ਰੁੱਕ ਗਏ ਕਿ ਰੋਟੀ ਖਾ ਲਈਏ। ਅਸੀਂ ਇਕ ਟੇਬਲ ਤੇ ਬੈਠ ਗਏ। ਇਕ ਬਹਿਰਾ ਆਇਆ ਤੇ ਆਉਂਦੇ ਹੀ ਉਸਨੂੰ ਕਹਿੰਦਾ, ‘ਬਾਈ ਡਲੈਵਰਾਂ ਲਈ ਟੇਬਲ ਦੂਜੇ ਪਾਸੇ ਆ’ । ਸਾਡਾ ਹਾਸਾ ਨਿਕਲ ਗਿਆ, ਬਹਿਰਾ ਹੈਰਾਨ ਹੋਕੇ ਦੇਖਣ ਲੱਗਾ ਤਾਂ ਮੈਂ ਕਿਹਾ, ‘ਕਮਲਿਆ ਇਹ ਤਾਂ ਇੱਥੇ ਬੈਠੇ ਸਾਰਿਆਂ ਤੋਂ ਵੱਧ ਪੜਿਆ ਪ੍ਰੋਫੈਸਰ ਆ’।

‘ਮੈਨੂੰ ਕੀ ਪਤਾ ਜੀ, ਐਹੋ ਜਿਹੇ ਮੰਢਾਸੇ ਤਾਂ ਡਲੈਵਰਾਂ ਦੇ ਹੀ ਮਾਰੇ ਹੁੰਦੇ ਆ, ਸਾਨੂੰ ਤਾਂ ਮਾਲਕਾਂ ਦਾ ਹੁਕਮ ਆ ਬਈ, ਡਲੈਵਰ ਜੁਦੇ ਬਿਠਾਉਣੇ ਆ’ । ਬਹਿਰੇ ਦੀ ਸਫਾਈ ਸੀ।

ਕਈ ਵਾਰੀ ਦਿਲ ਕਰਦਾ ਕਿ ਕਦੇ ਮੰਢਾਸਾ ਮਾਰ ਕਿ ਡਰੈਵਰਾਂ ਵਾਲੀ ਰੋਟੀ ਵੀ ਖਾ ਕੇ ਦੇਖਾਂ ।

# ਰਾਹ ਵਾਲੀ ਬੀਬੀ

ਨਿਊਜਰਸੀ ਤੋਂ ਮੈਂ ਟਰਾਂਟੋ ਵੱਲ ਜਾਣਾ ਸੀ, ਰਾਹ ਵਿਚ ਹੈਮਿਲਟਨ ਸ਼ਹਿਰ ਪੈਂਦਾ ਹੈ। ਉੱਥੇ ਮੇਰਾ ਭਰਾਵਾਂ ਤੋਂ ਵੱਧ ਕਲਾਕਾਰ ਦੋਸਤ ਜਗਦੀਸ਼ ਰਹਿੰਦਾ ਹੈ। ਮੈਂ ਬਸ ਦੀ ਟਿਕਟ ਲੈ ਲਈ। ਇਹਨੂੰ ਰੈੱਡ ਬੱਸ ਕਹਿੰਦੇ ਹਨ। ਸਸਤੀ ਟਿਕਟ ਤੇ ਦੋ ਮੰਜ਼ਿਲੀ। ਮੈਂ ਉਤੇ ਮੂਹਰਲੀ ਸੀਟ ਮਲੱਕ ਲਈ। ਖੁੱਲ੍ਹੇ ਵੱਡੇ ਸ਼ੀਸ਼ੇ ਆਲੇ ਦੁਆਲੇ ਦਾ ਨਜ਼ਾਰਾ ਬੇਰੋਕ ਟੋਕ ਦਿਖਾ ਰਹੇ ਸਨ। ਲੰਮੀ ਪਹਾੜੀ ਸੜਕ, ਹਰਿਆਲੀ ਹੀ ਹਰਿਆਲੀ। ਤਿੰਨ ਘੰਟੇ ਕੈਮਰੇ ਨੂੰ ਵੀ ਆਰਾਮ ਨਾ ਕਰਨ ਦਿੱਤਾ। ਬਸ ਇਕ ਵਾਰ ਉੱਠਕੇ ਬਾਥਰੂਮ ਹੀ ਗਿਆ। ਖਾਣ ਪੀਣ ਦਾ ਮੇਰੇ ਕੋਲ ਸਟਾਕ ਸੀ। ਪਹਿਲੋਂ ਹੋਈ ਗੱਲ ਮੁਤਾਬਿਕ ਮੈਂ ਬਫੈਲੋ ਦੇ ਹਵਾਈ ਅੱਡੇ ਵਾਲੇ ਬੱਸ ਸਟਾਪ ਤੇ ਉਤਰ ਜਾਣਾ ਸੀ। ਇੱਥੋਂ ਮੈਨੂੰ ਜਗਦੀਸ਼ ਨੇ ਕਾਰ ਵਿਚ ਲੈ ਕੇ ਜਾਣਾ ਸੀ। ਪਹਿਲੋਂ ਅਸੀਂ ਨਿਆਗਰਾ ਫਾਲ ਦੀ ਫੋਟੋਗ੍ਰਾਫੀ ਕਰਨੀ ਸੀ ਫੇਰ ਹੈਮਿਲਟਨ ਜਾਣਾ ਸੀ। ਮੈਂ ਸੂਰਜ ਛਿੱਪਦੇ ਦੇ ਨਜ਼ਾਰੇ ਮਾਣਦਾ ਬਫੈਲੋ ਪਹੁੰਚ ਗਿਆ। ਬੱਸ ਚੋਂ ਸਮਾਨ ਚੱਕ ਕਿ ਕਾਰ ਵਿਚ ਰੱਖ ਲਿਆ। ਮਿੱਤਰ ਮਿਲਣੀ ਚ ਗੱਲਾਂ, ਯਾਦਾਂ ਦੀ ਭਰਮਾਰ ਸੀ । ਇੱਥੇ ਅਮਰੀਕਾ ਤੇ ਕਨੇਡਾ ਆਪਸ ਵਿਚ ਇਕ ਪੁੱਲ ਨਾਲ ਹੀ ਜੁੜੇ ਹੋਏ ਹਨ, ਗੱਲਾਂ ਵਿਚ ਪਤਾ ਹੀ ਨਾ ਲੱਗਾ ਕਿ ਅਸੀਂ ਇਕ ਇਹੋ ਜਿਹੀ ਸੜਕ ਦੇ ਸਿਰੇ ਤੇ ਪਹੁੰਚ ਗਏ ਹਾਂ, ਜਿੱਥੇ ਅਗੇ ਰਾਹ ਬੰਦ ਸੀ। ਪਰ ਸਾਡੀ ਨਕਸ਼ੇ ਵਾਲੀ ਬੀਬੀ ਸਾਨੂੰ ਇੱਥੋਂ ਹੀ ਦਰਿਆ ਪਾਰ ਕਰਨ ਨੂੰ ਕਹਿ ਰਹੀ ਸੀ। ਅਸੀਂ ਬੜੇ ਹੈਰਾਨ ਹੋਏ, ਆਲੇ ਦੁਆਲੇ ਹੋਰ ਕੋਈ ਵੀ ਕਾਰ ਆਦਿ ਨਹੀਂ ਸੀ। ਅਸੀਂ ਕਾਰ ਪਿੱਛੇ ਮੋੜ ਲਈ ਤੇ ਹੋਰ ਪਾਸੇ ਦੀ ਰਾਹ ਲੱਭਣ ਲੱਗੇ। ਪਰ ਰਾਹ ਵਾਲੀ ਬੀਬੀ ਸਾਨੂੰ ਫੇਰ ਉੱਥੇ ਹੀ ਲੈ ਆਈ। ਮੈਨੂੰ ਲੱਗਾ ਇਹ ਬੀਬੀ ਵੀ ਉਸ ਪੇਂਡੂੰ ਬੀਬੀ ਵਾਂਙ ਹੈ ਜੋ ਪਿੰਡ ਦੇ ਕਿਸੇ ਸ਼ਰੀਕੇ ਵਾਲੇ ਦੇ ਮੁੰਡੇ ਨੂੰ ਵੇਖਣ ਆਏ ਪ੍ਰਹੁਣਿਆਂ ਨੂੰ ਪਿੰਡ ਦਾ ਨਾਮ ਹੀ ਗਲਤ ਦੱਸੀ ਜਾਂਦੀ ਹੋਵੇ। ਕਈ ਪਾਸੇ ਕਾਰ ਘੁਮਾਣ ਤੋਂ ਬਾਅਦ ਪੁੱਛ ਪੁਛਾਅ ਕਿ ਅਸੀਂ ਨਵੇਂ ਬਣੇ ਪੁੱਲ ਨੂੰ ਲੱਭ ਹੀ ਲਿਆ। ਰਾਤ ਨੂੰ ਨਿਅਗਰਾ ਫਾਲ ਦੇ ਨਜ਼ਾਰੇ ਲਏ ਤੇ ਜਗਦੀਸ਼ ਨੂੰ ਪੱਕਾ ਕਰ ਲਿਆ ਕੇ ਕੱਲ ਨੂੰ ਇਸ ਪੁਰਾਣੀ ਬੀਬੀ ਨੂੰ ਤਲਾਕ ਦੇਕੇ ਨਵੇਂ ਯੁੱਗ ਦੀ ਰਾਹ ਦੱਸਣ ਵਾਲੀ ਬੀਬੀ ਨਾਲ ਕਾਰ ਦੇ ਫੇਰੇ ਕਰਵਾਏ।

# ਪੰਜਾਬ ਦੀ ਮਹਿਕ

ਸਾਡਾ ਇਕ ਦੋਸਤ ਫੁੱਲਾਂ ਦੀ ਖੇਤੀ ਕਰਦਾ ਹੈ। ਉਹਦੇ ਕੋਲੋਂ ਵਿਦੇਸ਼ਾਂ ਤੋਂ ਮੂਲ ਬੀਜ ਆਉਂਦੇ ਹਨ ਤੇ ਉਹ ਅੱਗੇ ਉਹਨਾਂ ਦੀ ਖੇਤੀ ਕਰ ਬੀਜ ਪੈਦਾ ਕਰਦਾ ਹੈ। ਪੰਜਾਬ ਦੀ ਧਰਤੀ ਦੀ ਗਰਮੀ ਚੰਗੇ ਬੀਜ ਪੈਦਾ ਕਰਨ ਦੀ ਤਾਕਤ ਰੱਖਦੀ ਹੈ।ਠੰਡੇ ਦੇਸ਼ਾਂ ਵਿਚ ਪੌਦੇ ਫੁੱਲਾਂ ਵਿਚ ਚੰਗਾ ਤੇ ਭਰਪੂਰ ਬੀਜ ਨਹੀਂ ਬਣਦਾ। ਪਰ ਇਹ ਬੀਜ ਜਦ ਠੰਡੇ ਮੁਲਖਾਂ ਵਿਚ ਜਾਕੇ ਫਲਦੇ ਹਨ ਤਾਂ ਵੱਡੇ ਤੇ ਗੂੜ੍ਹੇ ਰੰਗਾਂ ਦੇ ਫੁੱਲ ਖਿੜ੍ਹਾਉਂਦੇ ਹਨ। ਮੈਨੂੰ ਯਾਦ ਹੈ, ਇਕ ਵਾਰ ਮੈਂ ਫੁਲਾਂ ਦੇ ਸ਼ਹਿਰ ਵਿਕਟੋਰੀਆ (ਕਨੇਡਾ) ਗਿਆ ਤਾਂ ਉੱਥੇ ਲੱਗੇ ਫੁੱਲਾਂ ਵਿਚੋਂ ਮੈਨੂੰ ਪੰਜਾਬ ਦੀ ਮਹਿਕ ਆਈ ਜਾਵੇ। ਉਹ ਫੁੱਲ ਮੈਨੂੰ ਆਪਣੇ ਜਾਏ ਲੱਗਣ, ਮੈਨੂੰ ਮਹਿਸੂਸ ਹੋਈ ਜਾਵੇ ਕਿ ਮੈਂ ਇਹਨਾਂ ਦੇ ਮਾਪਿਆ ਨੂੰ ਜਾਣਦਾ ਹਾਂ, ਮੈਂ ਇਹਨਾਂ ਦੇ ਪਿੱਤਰਾਂ ਦੀਆਂ ਫੋਟੋਆਂ ਆਪਣੇ ਦੋਸਤ ਦੇ ਖੇਤਾਂ ਵਿਚ ਖਿੱਚ ਚੁੱਕਾ ਹਾਂ, ਮੈਂ ਇਹਨਾਂ ਦੀ ਰੱਜਵੀਂ ਮਹਿਕ ਮਾਣ ਚੁੱਕਾ ਹਾਂ, ਮੇਰਾ ਆਉਣਾ ਤਾਂ, ਇਹਨਾਂ ਦੇ ਮਾਪਿਆਂ ਦੀ ਛੂਹ ਦਾ ਅਹਿਸਾਸ ਦੇਣਾ ਹੀ ਹੈ। ਭਾਵੇਂ ਠੰਡਾ ਦੇਸ਼ ਹੋਣ ਕਰਕੇ ਇਹਨਾਂ ਵਿਚ ਮਹਿਕ ਪੈਦਾ ਨਹੀਂ ਹੁੰਦੀ, ਪਰ ਇਹਨਾਂ ਦੀ ਪਿਤਰੀ ਖੁਸ਼ਬੂ ਪੰਜਾਬ ਦੀ ਹਵਾ ਵਿਚ ਹੈ। ਵਿਕਟੋਰੀਆ ਵਿਚ ਵੇਖਣ ਨੂੰ ਬਹੁਤ ਕੁਝ ਹੈ, ਪਰ ਮੈਨੂੰ ਤਾਂ, ਇਹਨਾਂ ਪੰਜਾਬ ਦੇ ਸੁਨੱਖੇ ਪੁੱਤਰਾਂ ਧੀਆਂ ਨੇ ਹੀ ਉਲਝਾਈ ਰੱਖਿਆ।

# ਚਾਂਦੀ ਦੇ ਗਹਿਣੇ

ਗੱਲ ਫੁੱਲਾਂ ਦੀ ਖੇਤੀ ਦੀ ਹੋ ਰਹੀ ਸੀ। ਪੰਜਾਬ ਵਾਂਙ ਹੀ ਹਿਮਾਚਲ ਦਾ ਇਕ ਇਲਾਕਾ ਹੈ, ਜਿਸਨੂੰ 'ਕਲਪਾ ਵੈਲੀ' ਕਹਿੰਦੇ ਹਨ। ਇਥੇ ਮੁੱਖ ਸ਼ਹਿਰ ਰਿਕੋਂਗਪੀਓ ਹੈ, ਜੋ ਸ਼ਿਮਲੇ ਤੋਂ ਕਾਫੀ ਦੂਰ ਹੈ ਤੇ ਇੱਥੇ ਮਿੱਟੀ ਦੇ ਕੱਚੇ ਪਹਾੜਾਂ ਵਿਚ ਦੀ ਸਤਲੁਜ ਵੱਗਦਾ ਹੈ। ਇਸਦੇ ਪਹਾੜਾਂ ਦਾ ਰੁਖ ਇਹੋ ਜਿਹਾ ਹੈ ਕਿ ਮੀਂਹ ਬਹੁਤ ਹਿਸਾਬ ਨਾਲ ਹੀ ਪੈਂਦਾ ਹੈ। ਇਸ ਕਰਕੇ ਇੱਥੇ ਹਰ ਕਿਸਮ ਦੇ ਬੀਜਾਂ ਦਾ ਭਰਪੂਰ ਉਤਪਾਦਨ ਹੁੰਦਾ ਹੈ। ਸਾਡੇ ਦੋਸਤ ਨੇ ਵੀ ਇੱਥੇ ਫੁੱਲਾਂ ਦੀ ਖੇਤੀ ਵਾਸਤੇ ਖੇਤ ਠੇਕੇ ਤੇ ਲਏ ਹੋਏ ਸਨ। ਉਥੇ ਰਹਿਣ ਲਈ ਕਮਰਾ ਵੀ ਕਿਰਾਏ ਲਿਆ ਹੋਇਆ ਸੀ। ਇਕ ਵਾਰੀ ਮੈਂ ਵੀ ਕੈਮਰਾ ਚੁੱਕ ਕਿ ਉਹਨਾਂ ਦੀ ਮਰੂਤੀ ਵਿਚ ਜਾ ਬੈਠਾ। ਗਰਮੀਆਂ ਦੇ ਦਿਨ ਤੇ ਪਹਾੜ ਦੀ ਚੜ੍ਹਾਈ ਮਰੂਤੀ ਦੇ ਏਸੀ ਦੀ ਭੀਂ ਬੋਲ ਗਈ। ਕਲਪਾ ਇਕ ਛੋਟਾ ਜਿਹਾ ਪਿੰਡ ਹੈ, ਜਿੱਥੇ ਜਾਣ ਲਈ ਸਾਇਕਲ ਦਾ ਵੀ ਰਾਹ ਨਹੀਂ ਸੀ। ਕਾਰ ਅਸੀਂ ਤਕਰੀਬਨ 2 ਕਿਲੋਮੀਟਰ ਦੂਰ ਹੀ ਖੜ੍ਹੀ ਕਰ ਦਿੱਤੀ। ਲਕੜ ਦੇ ਦੋ ਮੰਜ਼ਿਲੇ ਘਰ ਸਨ। ਉਪਰਲੇ ਹਿੱਸੇ ਵਿਚ ਪਰਿਵਾਰ ਰਹਿੰਦੇ ਸਨ ਤੇ ਹੇਠਲੇ ਵਿਚ ਗਾਵਾਂ ਤੇ ਬਲਦ। ਇੱਥੇ ਕਿਸੇ ਔਰਤ ਦਾ 2-3 ਭਰਾਵਾਂ ਨਾਲ ਸਾਂਝਾ, ਜਾਂ ਕਿਸੇ ਬੰਦੇ ਦਾ 2-3 ਭੈਣਾਂ ਨਾਲ ਸਾਂਝਾ ਵਿਆਹੇ ਹੋਣਾ ਆਮ ਗੱਲ ਸੀ। ਆਲੇ ਦੁਆਲੇ ਦੀ ਖੂਬਸੂਰਤ ਕੁਦਰਤ ਮੇਰਾ ਕੈਮਰਾ ਕੈਦ ਕਰਦਾ ਰਿਹਾ। ਦੂਸਰੇ ਦਿਨ ਜਿਸ ਕਮਰੇ ਵਿਚ ਰਹਿ ਰਹੇ ਸੀ, ਉੱਥੇ ਮਾਲਕ ਮਕਾਨ ਆਇਆ ਤੇ ਉਸਨੇ ਕਿਹਾ ਕਿ ਉਹ ਧੰਨਵਾਦੀ ਹੋਵੇਗਾ ਜੇ ਮੈਂ ਉਸਦੀਆਂ ਔਰਤਾਂ ਦੀਆਂ ਫੋਟੋਆਂ ਖਿੱਚ ਦੇਵਾਂ। ਘੰਟੇ ਕੁ ਬਾਅਦ ਤਿੰਨ ਚਾਰ ਔਰਤਾਂ ਆਪਣੇ ਵਿਰਾਸਤੀ ਕਪੜੇ ਤੇ ਗਹਿਣੇ ਪਾਕੇ ਫੋਟੋਆਂ ਲਈ ਤਿਆਰ ਸਨ। ਹਰ ਔਰਤ ਦੇ ਤਕਰੀਬਨ 1 ਕਿਲੋ ਚਾਂਦੀ ਦੇ ਗਹਿਣੇ ਪਾਏ ਹੋਏ ਸਨ। ਪੈਰਾਂ ਤੋਂ ਲੈ ਕੇ ਸਿਰ ਤਕ। ਪਰ ਹਰੇਕ ਦੇ ਇਕ ਛੋਟਾ ਜਿਹਾ ਸੋਨਾ ਦਾ ਗਹਿਣਾ ਵੀ ਸੀ, ਜਿਵੇਂ ਨੱਥ, ਜਾਂ ਬਰੀਕ ਕਲੀਰਾ ਜਾਂ ਟਿੱਕਾ। ਇਵੇਂ ਲੱਗਦਾ ਸੀ ਜਿਵੇਂ ਚਾਂਦੀ ਨੂੰ ਸੋਨੇ ਦਾ ਨਜ਼ਰਬੱਟੂ ਲਾਇਆ ਹੋਵੇ। ਫੋਟੋਆਂ ਖਿੱਚਣ ਦੇ ਨਾਲ ਨਾਲ ਗਹਿਣਿਆਂ ਬਾਰੇ ਜਾਣਕਾਰੀ ਤੇ ਉਹਨਾਂ ਨਾਲ ਜੁੜੀਆਂ ਰਸਮਾਂ ਦਾ ਵੀ ਪਤਾ ਲੱਗਾ।ਇਹ ਮੁਫਤ ਦੀ ਖੁਸ਼ੀ ਸਾਇਦ ਮਨ ਮੌਜੀਆਂ ਦੇ ਹੀ ਹਿੱਸੇ ਆਉਂਦੀ ਹੈ।

# ਸਤਲੁਜ ਸੂਕਦੇ ਦਾ ਜਲੌਅ

ਕਲਪਾ ਪਿੰਡ ਦੇ ਵਿਚ ਰਾਤ ਕੱਟੀ, ਉੱਥੇ ਦਾ ਲੋਕਲ ਸੇਬ ਖਾਣ ਦਾ ਮੌਕਾ ਮਿਲਿਆ, ਇਹ ਕਸ਼ਮੀਰ ਦੇ ਸੇਬ ਤੋਂ ਵੀ ਵੱਧ ਸੁਆਦੀ ਸੀ। ਕਹਿੰਦੇ ਕਿ ਇੱਥੇ ਪੈਦਾ ਹੁੰਦਾ ਸਾਰਾ ਸੇਬ ਵਿਦੇਸ਼ਾਂ ਨੂੰ ਹੀ ਭੇਜਿਆ ਜਾਂਦਾ ਹੈ। ਸਵੇਰੇ ਅਸੀਂ ਕਮਰਕੱਸੇ ਬੰਨ ਕਿ ਕਈ ਪਿੰਡਾਂ ਵਿਚ ਫੁੱਲਾਂ ਦੀ ਫਸਲ ਦੀ ਜਾਂਚ ਕਰਨ ਗਏ। ਉਚਾਈ ਵਾਲੇ ਪਿੰਡਾਂ ਨੂੰ ਤਾਂ ਕੋਈ ਪੱਕੀ ਡੰਡੀ ਵੀ ਨਹੀਂ ਸੀ ਜਾਂਦੀ। ਹਰ ਪਿੰਡ ਦੀ ਸ਼ੁਰੂਆਤ ਇਕ ਛੋਟੇ ਮੰਦਰ ਨਾਲ ਹੁੰਦੀ ਸੀ। ਇਹ ਤਾਂ ਬਾਅਦ ਚ ਹੀ ਸਮਝ ਲੱਗੀ ਕੇ ਹਰ ਮੰਦਰ ਦਾ ਆਕਾਰ ਵੀ ਤਾਂ ਸ਼ਰਧਾਲੂਆਂ ਦੀ ਗਿਣਤੀ ਤੇ ਅਮੀਰੀ ਅਨੁਸਾਰ ਹੀ ਹੁੰਦਾ ਹੈ। ਇਕ ਪਾਸੇ ਸਤਲੁਜ ਤੇ ਦੂਜੇ ਪਾਸੇ ਹਰਾ ਪਹਾੜ। ਇੱਥੇ ਸਿਰਫ ਫੁੱਲ ਹੀਂ ਨਹੀਂ, ਹੋਰ ਫਸਲਾਂ ਦੇ ਬੀਜ ਵੀ ਪੈਦਾ ਕੀਤੇ ਜਾਂਦੇ ਹਨ, ਜਿਵੇਂ ਮੂਲੀਆਂ, ਸ਼ਲਗਮ, ਗੋਭੀ ਆਦਿ। ਕੁਦਰਤ ਨਾਲ ਇਕ ਮਿੱਕ ਹੋਏ, ਕਈ ਮੀਲ ਅੱਗੇ ਲੰਘ ਆਏ, ਹੁਣ ਉਸੇ ਰਸਤੇ ਵਾਪਸ ਜਾਣਾ ਔਖਾ ਸੀ। ਦਰਿਆ ਦੇ ਦੂਜੇ ਪਾਸੇ ਪੱਕੀ ਸੜਕ ਸੀ, ਜਿੱਥੋਂ ਕੋਈ ਸਾਧਨ ਬਣ ਸਕਦਾ ਸੀ। ਦਰਿਆ ਤੇ ਅਗਲਾ ਪੁੱਲ ਕਈ ਮੀਲ ਦੂਰ ਸੀ। ਸਾਡੇ ਕੋਲ ਇਕੋ ਇਕ ਰਾਹ ਸੀ ਕਿ ਡੋਲੂ ਵਿਚ ਬੈਠ ਕੇ ਦਰਿਆ ਪਾਰ ਕੀਤਾ ਜਾਵੇ। ਇਹ ਡੋਲੂ ਵਰਗਾ ਇਕ ਛੋਟਾ ਫੱਟਾ ਸੀ, ਜੋ ਦਰਿਆ ਦੇ ਦੋਵੇਂ ਕੰਢਿਆ ਤੇ ਦੋਹਰੇ ਰੱਸੇ ਨਾਲ ਇਸ ਤਰੀਕੇ ਬੰਨਿਆ ਸੀ ਕਿ ਹੱਥ ਨਾਲ ਰੱਸਾ ਖਿੱਚਣ ਤੇ ਇਹ ਦਰਿਆ ਦੇ ਆਰ ਪਾਰ ਆ ਜਾ ਸਕਦਾ ਸੀ। ਜਦ ਮੇਰੀ ਵਾਰੀ ਆਈ ਤਾਂ ਮੈਂ ਰੱਸਾ ਖਿੱਚਦਾ ਦੂਸਰੇ ਪਾਸੇ ਲਈ ਚੱਲ ਪਿਆ। ਅਚਾਨਕ ਮੇਰੀ ਨਜ਼ਰ ਥੱਲੇ ਪਈ। ਸਤਲੁਜ ਸੂਕਦੇ ਦਾ ਜਲੌਅ ਪਹਿਲੀ ਵਾਰ ਵੇਖਿਆ। ਏਨਾ ਤੇਜ਼ ਚੱਲਦਾ ਮਿੱਟੀ ਰੰਗਾ ਪਾਣੀ ਟਿਕ ਟਿਕੀ ਬੰਨ ਵੇਖ ਕਿ ਇੰਜ ਲੱਗਦਾ ਸੀ ਕੇ ਮੈਂ ਸੈਂਕੜੇ ਮੀਲ ਦੀ ਸਪੀਡ ਨਾਲ ਉੱਡ ਰਿਹਾ ਹੋਵਾਂ, ਹੇਠਾਂ ਵੇਖਣਾ ਹੀ ਡਰ ਨੂੰ ਸੱਦਾ ਦੇਣਾ ਸੀ। ਫੇਰ ਵੀ ਮੈਂ ਸਤਲੁਜ ਦੇ ਏਸ ਰੂਪ ਦੀਆਂ ਕੁਝ ਫੋਟੋਆਂ ਲੈ ਹੀ ਲਈਆਂ। ਕੱਚੇ ਪਹਾੜਾਂ ਵਿਚ ਵੱਗਦੇ ਦਰਿਆ ਦੀ ਹਿੱਕ ਤੇ ਬੈਠਾ ਸੋਚਣ ਲੱਗਾ, ਕਾਸ਼ 'ਸੋਹਣੀ' ਕੋਲ ਵੀ ਝਨਾਂ ਪਾਰ ਕਰਨ ਲਈ, ਕੱਚੇ ਘੜੇ ਦੀ ਥਾਂ, ਡੋਲੂ ਹੁੰਦਾ। ਫੇਰ ਸ਼ਾਇਦ ਲੋਕਗਾਥਾ ਦੀ ਥਾਂ, ਅੱਜ ਉਹਨਾਂ ਦੀ ਪੀਹੜ੍ਹੀ ਵਿਚੋਂ ਵੀ ਕੋਈ ਨੇਤਾ ਬਣਿਆ ਹੁੰਦਾ।

# ਖਤਰਨਾਕ ਚੁਟਕਲਾ

ਕੁਝ ਸਾਲ ਪਹਿਲੋਂ ਯੂਨੀਵਰਸਿਟੀ ਦੇ ਦੋ ਮਹਿਕਮਿਆਂ ਦੇ ਵਿਚਕਾਰ ਖਾਲੀ ਥਾਂ ਸੀ। ਇਕ ਪਾਸੇ ਦਰਖਤ ਥੱਲੇ ਚਾਹ ਦੀ ਦੁਕਾਨ ਸੀ। ਦੁਪਹਿਰੇ ਰੋਟੀ ਦੇ ਟਾਇਮ ਕਾਫੀ ਮੁਲਾਜ਼ਮ ਆਪਣੇ ਟਿਫਨ ਲੈ ਕੇ ਪਹੁੰਚ ਜਾਂਦੇ ਸਨ। ਕਈ ਦੁਕਾਨ ਵਾਲੇ ਤੋਂ ਪੰਜ ਦਸ ਦੀ ਦਾਲ ਜਾਂ ਸਬਜ਼ੀ ਵੀ ਲੈ ਲੈਂਦੇ। ਪਰ ਥੋੜੇ ਵੱਡੇ ਲੈਵਲ ਦੇ ਬੰਦੇ, ਜਿਵੇਂ ਛੋਟੇ ਪ੍ਰੋਫੈਸਰ, ਅਡੀਟਰ ਜਾਂ ਇੰਚਾਰਜ ਆਦਿ ਰੋਟੀ ਤਾਂ ਆਪਣੇ ਕਮਰੇ ਚ ਹੀ ਖਾਂਦੇ ਪਰ ਸਰਦੀਆਂ ਦੀ ਧੁੱਪ ਮਾਨਣ, ਕੁਰਸੀਆਂ ਤੇ ਆਕੇ ਬਹਿ ਜਾਂਦੇ। ਇਹ ਅੱਧਾ ਕੁ ਘੰਟਾ ਯੂ ਐਨ ਓ ਦੀ ਪਾਰਲੀਮੈਂਟ ਵਰਗਾ ਹੁੰਦਾ। ਡੀ ਏ ਦੀਆਂ ਕਿਸ਼ਤਾਂ ਤੋਂ ਲੈ ਕੇ, ਵਾਇਆ ਦਿੱਲੀ, ਅਮਰੀਕਾ ਦੇ ਪ੍ਰਧਾਨ ਦੀ ਚੋਣ ਤਕ ਦੇ ਫੈਸਲੇ ਉੱਥੇ ਹੀ ਹੁੰਦੇ। ਵਿਚੇ ਵਿਚ ਚੁਟਕਲੇ ਵੀ ਚੱਲਦੇ। ਕਈ ਵਾਰੀ ਬਾਹਲਾ ਖਤਰਨਾਕ ਚੁਟਕਲਾ ਵੀ ਟਪਕ ਆਉਂਦਾ। ਮੈਂ ਵੀ ਦੂਜੇ ਚੌਥੇ, ਲੰਘਦਾ ਵੜਦਾ ਜਾ ਬੈਠਦਾ।ਸਭ ਮੇਰੇ ਚੰਗੇ ਜਾਣੂ ਸਨ ਤੇ ਮੈਨੂੰ ਵੀ ਆਪਣੇ ਚੋਂ ਹੀ ਸਮਝਦੇ ਸਨ। ਉਸ ਦਿਨ ਸਿਆਸਤ ਦਾਨਾਂ ਦੇ ਗਿਆਨ ਤੇ ਵਰਤਾਰੇ ਦੇ ਫਰਕ ਦੀ ਗੱਲ ਚੱਲ ਰਹੀ ਸੀ। ਸਾਰੇ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿ ਸਿਅਸੀ ਲੋਕਾਂ ਨੂੰ ਗਲਤ ਦਾ ਪਤਾ ਨਹੀਂ ਹੁੰਦਾ, ਬਸ ਸਤਾ ਦਾ ਲਾਲਚ ਹੀ ਉਹਨਾਂ ਤੋਂ ਗਲਤ ਕੰਮ ਕਰਵਾਈ ਜਾਂਦਾ। ਏਨੇ ਨੂੰ ਇਕ ਮਿੱਤਰ ਸੰਤਰਿਆਂ ਦਾ ਭਰਿਆ ਲਿਫਾਫਾ ਲੈ ਕੇ ਆ ਗਿਆ। ਤੇ ਸਭ ਨੂੰ ਇਕ ਇਕ ਫੜਾ ਦਿੱਤਾ। ਸਾਰੇ ਸੰਤਰਿਆਂ ਵਿਚ ਮਗਨ ਹੋ ਗਏ ਤੇ ਵਿਸ਼ਾ ਠੰਡੇ ਬਸਤੇ ਜਾ ਪਿਆ। ਜਦੋਂ ਸਾਰੇ ਰੁੱਝੇ ਹੋਏ ਸਨ ਤਾਂ ਮੈਂ ਉਹਨਾਂ ਨੂੰ ਕਿਹਾ, 'ਆ ਜਿਹੜੇ ਧਾਗੇ ਜਿਹੇ ਤੁਸੀਂ ਫਾੜੀਆਂ ਤੋਂ ਲਾਹ ਕੇ ਸੁੱਟਦੇ ਹੋ, ਇਹ ਬੜੇ ਗੁਣਕਾਰੀ ਹਨ। ਖਾਸ ਕਰਕੇ ਦਿਲ ਵਾਸਤੇ, ਇਹਨਾਂ ਨੂੰ ਖਾਣਾ ਚਾਹੀਦਾ!' ਇਕ ਦੋ ਗੱਲਾਂ ਹੋਰ ਵੀ ਕਹੀਆਂ ਤੇ ਸਾਰੇ ਮੇਰੇ ਨਾਲ ਸਹਿਮਤ ਹੋ ਗਏ ਤੇ ਧਾਗੇ ਵੀ ਖਾਣ ਲੱਗ ਪਏ।

'ਓਏ, ਸਾਨੂੰ ਤੂੰ ਧਾਗੇ ਖਾਣ ਲਾ ਦਿੱਤਾ ਤੇ ਆਪ ਸੁੱਟੀ ਜਾਨਾ?' ਇਕ ਨੇ ਮੈਨੂੰ ਝਾੜ ਪਾਈ।

'ਦੇਖ ਗਿਆਨ ਹੋਣਾ ਹੋਰ ਗੱਲ ਆ ਤੇ ਆਦਤ ਤੋਂ ਮਜ਼ਬੂਰ ਹੋਣਾ ਹੋਰ ਗੱਲ ਆ' ਮੇਰਾ ਜਵਾਬ ਸੁਣ ਦੂਜਾ ਬੋਲਿਆ, 'ਬਿਲਕੁਲ ਸਿਆਸੀ ਲੋਕਾਂ ਵਾਂਗ ।'

# ਬਾਪ ਇਕ ਏ ਟੀ ਐਮ

ਮੈਂ ਘਰੇ ਹਾਲੇ ਉੱਠ ਕੇ ਚਾਹ ਵੀ ਨਹੀਂ ਸੀ ਪੀਤੀ, ਹਮੇਸ਼ਾਂ ਵਾਂਙ ਬਿੰਨ੍ਹਾਂ ਕੁੰਢਾ ਖੜਕਾਏ, ਨੰਦਾ ਮੇਰੇ ਕਮਰੇ ਵਿਚ ਆ ਵੜਿਆ। ਉਹਦੇ ਚਿੱਟਾ ਟਰੈਕਸੂਟ ਪਾਇਆ ਹੋਇਆ ਸੀ ਤੇ ਲਾਲ ਪੱਗ ਬੰਨੀ ਹੋਈ ਸੀ। ਆਉਂਦੇ ਹੀ ਉਸਨੇ ਕਿਹਾ, 'ਜਨਮੇਜਾ। ਜੀ, ਮੇਰੀ ਫਿਲਮ ਫਟਾ ਫਟ ਤਿਆਰ ਕਰ ਦੇਵੋ'

'ਐਡੀ ਕੀ ਕਾਹਲੀ ਆ?'

'ਮੇਰਾ ਕੁਝ ਨਹੀਂ ਪਤਾ ਮੈਂ ਕਦ ਤੁਰ ਜਾਵਾਂ, ਬਹੁਤ ਪ੍ਰੇਸ਼ਾਨ ਹਾਂ'

'ਨੰਦਾ ਸਾਹਿਬ ਫਿਕਰ ਨਾ ਕਰੋ, ਆਪਣੇ ਪਾਪਾਂ ਦਾ ਹਿਸਾਬ ਦਿੱਤੇ ਬਗੈਰ, ਇਸ ਦੁਨੀਆ ਤੋਂ ਕੋਈ ਨਹੀਂ ਜਾ ਸਕਦਾ।'

ਮੇਰੀ ਗੱਲ ਸੁਣ ਕੇ ਉਹ ਆਵਾਕ ਰਹਿ ਗਿਆ, ਅਸਲ ਵਿਚ ਉਸਦੇ ਆਪਣੀ ਉਲਾਦ ਨਾਲ ਪ੍ਰਾਪਰਟੀ ਦੇ ਝਗੜੇ ਚੱਲਦੇ ਸਨ। ਜੋ ਉਹ ਮੰਗਦੇ ਸਨ, ਨੰਦਾ ਆਦਤਨ ਦੇਣ ਨੂੰ ਤਿਆਰ ਨਹੀਂ ਸੀ। ਕੇਸ ਅਦਾਲਤਾਂ ਵਿਚ ਵੀ ਸਨ। ਪਰਿਵਾਰ ਚ ਕੁੜਤਨ ਵੀ ਸੀ। ਇਹੋ ਜਿਹੀਆਂ ਗੱਲਾਂ ਉਹ ਮੈਨੂੰ ਆਪਣੀ ਫਿਲਮ ਚ ਰਿਕਾਰਡ ਕਰਵਾ ਚੁੱਕਾ ਸੀ।

'ਪਰ ਪਰ ਮੈਂ ਕਿਹੜੇ ਪਾਪ ਕੀਤੇ ਹੈਨ?'

-ਤੁਸੀਂ ਆਪੇ ਧਨ ਕਮਾਇਆ?

-ਬਿਲਕੁਲ

-ਤੁਸੀਂ ਆਪਣੇ ਆਪ ਨੂੰ ਮਾਣ ਨਾਲ ਸੈਲਫ ਮੇਡ ਮੈਨ ਕਹਿੰਦੇ ਹੋ?

-ਬਿਲਕੁਲ, ਬਹੁਤ ਮਾਣ ਨਾਲ

-'ਬਸ ਇਹੋ ਪਾਪ ਦੀ ਸ਼ੁਰੂਆਤ ਹੈ, ਤੁਸੀਂ ਆਪਣੇ ਬੱਚਿਆਂ ਨੂੰ 'ਬਾਪ ਇਕ ਏ ਟੀ ਐਮ' ਹੋਣ ਦਾ ਪ੍ਰਭਾਵ ਦਿੱਤਾ, ਤੁਸੀਂ ਉਹਨਾਂ ਦੀ ਹਰ ਲੋੜ ਤੇ ਖਾਹਿਸ਼ ਪੂਰੀ ਕੀਤੀ। ਪਰ ਤੁਸੀਂ ਭੁੱਲ ਗਏ ਕਿ ਉਹਨਾਂ ਨੂੰ ਜੀਵਨ ਸੰਘਰਸ਼ ਕਰਨ ਦਾ ਮੌਕਾ ਵੀ ਮਿਲਣਾ ਚਾਹੀਦਾ ਸੀ ਤਾਂ ਕਿ ਉਹ ਵੀ ਕਦੇ ਆਪਣੇ ਆਪ ਨੂੰ ਸੈਲਫਮੇਡ ਕਹਿਣ ਦਾ ਮਾਣ ਲੈ ਸਕਦੇ। ਇਹੋ ਪਾਪ ਹੋ ਗਿਆ।'

ਨੰਦਾ ਹੁਣ ਚੁੱਪ ਸੀ, ਉਸਦੇ ਹੱਥ ਵਿਚ ਫੜਿਆ ਚਾਹ ਦਾ ਕੱਪ ਠੰਡਾ ਹੋ ਚੁੱਕਾ ਸੀ।

–ਫੇਰ ਮੈਂ ਹੁਣ ਕੀ ਕਰਾਂ ?

–ਕੁਝ ਨਹੀਂ, ਜੋ ਵੀ ਮੰਗਦੇ ਹਨ ਦੇ ਦੇਵੋ

–ਪਰ ਪਰ

–'ਪਰ ਪਰ ਕੁਝ ਨਹੀਂ, ਹਾਂ ਬਾਕੀ ਕੁਝ ਵੀ ਨਾ ਬਚਿਆ ਤਾਂ ਮੇਰੇ ਕੋਲ ਆ ਜਾਣਾ'

ਨੰਦਾ ਫੇਰ ਕਈ ਦਿਨ ਨਾ ਆਇਆ। ਇਕ ਦਿਨ ਸਵੇਰੇ ਸਵੇਰੇ ਵਿਹੜੇ ਚੋਂ ਹੀਂ. 'ਜਨਮੇਜਾ ਜੀ, ਜਨਮੇਜਾ ਜੀ' ਕਰਦਾ ਅੰਦਰ ਆ ਵੜਿਆ।

– ਲਓ ਹੁਣ ਕਰ ਦਿਓ ਮੇਰਾ ਕੰਮ।' ਉਹ ਚਹਿਕ ਰਿਹਾ ਸੀ।

'ਤੁਹਾਡੇ ਕਹਿਣ ਤੇ, ਮੈਂ ਜੋ ਉਹਨਾਂ ਮੰਗਿਆ ਦੇ ਦਿੱਤਾ, ਕੇਸ ਵੀ ਖਤਮ ਹੋ ਗਏ ਹਨ। ਮੇਰੇ ਕੋਲ ਵੀ ਕਾਫੀ ਕੁਝ ਬਚ ਗਿਆ ਹੈ, ਹੁਣ ਮੈਂ ਪੂਰਾ ਖੁਸ਼ ਹਾਂ।'

'ਚਲੋ ਇਹ ਤਾਂ ਚੰਗਾ ਹੋਇਆ। ਪਰ ਹੁਣ ਆਪਣੀ ਸਿਹਤ ਦਾ ਖਿਆਲ ਰੱਖਿਓ, ਨਾਲੇ ਇਹ ਗੱਲਾਂ ਹਾਲੇ ਰੱਬ ਨੂੰ ਨਾ ਦੱਸਿਓ।'

# ਕਦੇ ਬਰਫੀ, ਕਦੇ ਗੁਲਾਬ ਜਾਮਣਾਂ

ਹਰ ਬੰਦਾ ਕੁਝ ਨਾ ਕੁਝ ਕਰਨਾ ਚਾਹੁੰਦਾ ਹੈ। ਕਿਹੜੀ ਉਮਰ ਵਿਚ ਇਹ ਸੋਝੀ ਆਉਂਦੀ ਹੈ ਜਾਂ ਦਾਅ ਲੱਗਦਾ ਹੈ, ਇਸਦਾ ਕੋਈ ਪੱਕਾ ਪਤਾ ਨਹੀਂ। ਮੈਨੂੰ ਸ਼ੁਰੂ ਤੋਂ ਇੰਝ ਲੱਗਦਾ ਰਿਹਾ ਕਿ ਪੰਜਾਬੀ ਦੀ ਮੁੱਢਲੀ ਸਿਖਿਆ ਰੋਚਿਕ ਨਹੀਂ ਹੈ। ਇਸ ਲਈ ਕੁਝ ਨਾ ਕੁਝ ਕਰਨ ਦਾ ਉਪਰਾਲਾ ਕਰਦਾ ਰਿਹਾ ਹਾਂ। ਠੀਕ ਹਾਂ ਜਾਂ ਗਲਤ ਆਪੇ ਸਮਾਂ ਦੱਸੇਗਾ। ਉਸ ਦਿਨ ਵੀ ਨਿਰਮਲ ਨਾਲ ਭਗਤੇ ਭਾਈ ਕੇ ਸਕੂਲ ਵਿਚ ਵੀਡੀਓ ਤੇ ਕੁਝ ਰਿਕਾਰਡਿੰਗ ਕਰਨੀ ਸੀ।

ਮੇਰੇ ਕੋਲ ਹਰੇ ਰੰਗ ਦੀ ਛੋਟੀ ਮਰੂਤੀ ਸੀ। ਅਸੀਂ ਲੁਧਿਆਣੇ ਤੋਂ ਚੱਲ ਕਿ ਸਵਖਤੇ ਹੀ ਪਹੁੰਚ ਗਏ। ਸਾਡੇ ਜਾਂਦਿਆਂ ਨੂੰ ਪ੍ਰਿੰਸੀਪਲ ਤੇ ਕਈ ਹੋਰ ਹਾਰ ਲੈ ਕੇ ਖੜੇ ਸੀ। ਅਸੀਂ ਆਪਣੇ ਨਾਲ ਕੁਲਵੰਤ ਬਸਰਾ ਜੀ ਨੂੰ ਮਦਦ ਲਈ ਲੈ ਗਏ ਸੀ। ਉਹਨਾਂ ਦੀ ਦਿੱਖ ਬਹੁਤ ਖੂਬ ਸੀ ਤੇ ਰਹਿੰਦੇ ਵੀ ਬਣ ਠਣ ਕੇ ਸਨ। ਕੱਦ ਲੰਮਾ ਹੋਣ ਕਰਕੇ ਉਹ ਮੂਹਰਲੀ ਸੀਟ ਤੇ ਬੈਠੇ ਸਨ। ਨਿਰਮਲ ਜੌੜਾ ਪਿਛਲੀ ਸੀਟ ਤੇ ਸੀ। ਮੈਂ ਡਰਾਇਵਰ ਸੀਟ ਤੇ ਸੀ, ਕਿਉਂਕੇ ਉਹ ਦੋਨੋਂ ਡਰਾਇਵਿੰਗ ਪਖੋਂ ਕੋਰੇ ਸਨ। ਸਾਡਾ ਸਮਾਨ ਵੀ ਪਿਛਲੀ ਸੀਟ ਤੇ ਪਿਆ ਸੀ। ਜਿਵੇਂ ਹੀ ਗੱਡੀ ਸਕੂਲ ਦੇ ਵਿਹੜੇ ਵਿਚ ਖੜੀ ਕੀਤੀ, ਹਮੇਸ਼ਾਂ ਵਾਂਙ ਨਿਰਮਲ ਨੇ ਫਟਾ ਫਟ ਤਾਕੀ ਖੋਲ੍ਹੀ ਤੇ ਮਿਲਣ ਵਿਚ ਰੁੱਝ ਗਿਆ। ਮੈਂ ਗੱਡੀ ਬੰਦ ਕਰਕੇ ਜਦ ਤਕ ਬਾਹਰ ਨਿੱਕਲਿਆ, ਬਸਰਾ ਜੀ ਦੇ ਗੱਲ ਵਿਚ ਹਾਰ ਪੈ ਚੁੱਕੇ ਸਨ ਤੇ ਉਹਨਾਂ ਨੂੰ ਬੜੇ ਸਨਮਾਨ ਨਾਲ ਧੋਤੀਆਂ ਕੁਰਸੀਆਂ ਵਾਲੇ ਕਮਰੇ ਵੱਲ ਲੈ ਜਾਇਆ ਜਾ ਰਿਹਾ ਸੀ ਤੇ ਮੈਂ ਪਿਛੇ ਪਿੱਛੇ ਸਮਾਨ ਚੁੱਕੀ ਜਾ ਰਿਹਾ ਸੀ। ਮੈਨੂੰ ਵੇਖ ਕੇ ਬਸਰਾ ਜੀ ਨੇ ਇਸ਼ਾਰਾ ਕੀਤਾ ਕਿ ਇਹਨਾਂ ਨੂੰ ਗਲਤੀ ਲੱਗ ਗਈ ਹੈ। ਮੈਂ ਬਸਰਾ ਜੀ ਨੂੰ ਸਮਝਾ ਦਿੱਤਾ ਕਿ ਕੋਈ ਨੀਂ ਇੰਝ ਹੀ ਚੱਲਣ ਦਿਓ। ਮੈਂ ਬੜੀ ਹੀ ਸ਼ਾਂਤੀ ਨਾਲ ਆਪਣਾ ਕੰਮ ਕਰਦਾ ਰਿਹਾ ਤੇ ਬਸਰਾ ਜੀ ਕਦੇ ਬਰਫੀ, ਕਦੇ ਗੁਲਾਬ ਜਾਮਣਾਂ ਤੇ ਕਦੇ ਜਲੇਬੀਆਂ ਛੱਕਦੇ ਰਹੇ। ਉਂਝ ਮੈਨੂੰ ਵੀ ਚਾਹ ਮਿਲ ਗਈ ਸੀ। ਸ਼ਾਮ ਤਕ ਕੰਮ ਨਿਪਟ ਗਿਆ ਤੇ ਅਸੀਂ ਸਾਰਾ ਕੁਝ ਚੁੱਕ ਕੇ ਗੱਡੀ ਵਿਚ ਸਵਾਰ ਹੋ ਗਏ। ਅਚਾਨਕ ਮੈਨੂੰ ਲੱਗਾ ਕਿ ਮੇਰੇ ਕੈਮਰੇ ਦਾ ਢੱਕਣ ਕਮਰੇ ਵਿਚ ਰਹਿ ਗਿਆ। ਮੈਂ ਕਾਰ ਚੋਂ ਉਤਰ ਕਿ ਢੱਕਣ ਲੱਭਣ ਚਲੇ ਗਿਆ। ਮੈਨੂੰ ਉੱਥੇ ਪੰਜ ਕੁ

ਮਿੰ ਲੱਗ ਗਏ। ਜਦ ਢੱਕਣ ਨਾ ਲੱਭਾ ਤਾਂ ਕਮਰੇ ਚੋਂ ਬਾਹਰ ਆ ਗਿਆ। ਉੱਥੇ ਬਸਰਾ ਜੀ ਨਾਲ ਹੱਥ ਮਿਲਾਏ ਜਾ ਰਹੇ ਸੀ ਤੇ ਵਿਦਾਇਗੀ ਦਿੱਤੀ ਜਾ ਰਹੀ ਸੀ। ਨਿਰਮਲ ਜੌੜੇ ਨੇ ਤਾਕੀ ਚੋਂ ਉੱਚੀ ਆਵਾਜ਼ ਵਾਰੀ, 'ਜੌਹਲ ਭਾਜੀ, ਆ ਜੋ ਹੁਣ, ਲੇਟ ਹੋ ਰਹੇ ਆਂ'

'ਅੱਛਾ ਇਹ ਵੀ ਜੌਹਲ ਨੇ?' ਪ੍ਰਿੰਸੀਪਲ ਨੇ ਪੁੱਛਿਆ।

'ਨਾ ਹੋਰ ਕੌਣ ਆ?' ਸਵੇਰ ਦੇ ਘਟਨਾ ਕਰਮ ਤੋਂ ਅਣਜਾਣ ਨਿਰਮਲ ਨੇ ਕਿਹਾ,'ਜਨਮੇਜਾ ਭਾਜੀ ਆ ਇਹ'

ਉਸ ਤੋਂ ਬਾਅਦ ਜੋ ਹਾਲਤ ਮੇਜ਼ਬਾਨਾਂ ਦੀ ਸੀ, ਮੇਰੇ ਭਰੋਸਿਆਂ ਦੇ ਬਾਵਜੂਦ ਅੱਜ ਵੀ ਸ਼ਾਂਤ ਨਹੀਂ ਹੋ ਸਕੀ।

# ਰਿਕਸ਼ੇ ਵਾਲਾ ਵੀ ਸਾਡਾ ਸਾਥੀ

1977 ਵਿਚ ਐਮਰਜੈਂਸੀ ਖਤਮ ਹੁੰਦੇ ਹੀ ਚੋਣਾਂ ਦਾ ਐਲਾਨ ਹੋ ਗਿਆ। ਬੜਾ ਘੁੱਟਵਾਂ ਤੇ ਡਰ ਦਾ ਮਾਹੌਲ ਸੀ। ਲੋਕਾਂ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਖੁਸ਼ ਹੋਈਏ ਜਾਂ ਚੁੱਪ ਰਹੀਏ। ਲੋਕਾਂ ਦੀ ਹਾਲਤ ਸ਼ਿਕਾਰੀ ਦੇ ਫੰਦੇ ਚੋਂ ਬਚ ਕਿ ਆਈ ਹਿਰਨੀ ਵਰਗੀ ਸੀ। ਚੋਣਾਂ ਦੇ ਐਲਾਨ ਨੇ ਸਿਆਸੀ ਲੋਕਾਂ ਦੇ ਚਿਹਰੇ ਤੇ ਖੁਸ਼ੀ ਲੈ ਆਂਦੀ ਸੀ। ਇਕ ਦਿਨ ਬੈਠੇ ਬੈਠੇ ਖਿਆਲ ਆਇਆ ਕਿ ਕਿਉਂ ਨਾ ਸਿਆਸਤ ਦੇ ਬਾਰੇ ਜਾਣਿਆ ਜਾਵੇ ? ਪਰ ਕਿਵੇਂ? ਫੇਰ ਸੋਚਿਆ ਕਿ ਜੇ ਗਵਾਚੀ ਚੁਆਨੀ ਲੱਭਣੀ ਹੈ ਤਾਂ ਚਿੱਕੜ ਵਿਚ ਵੜ੍ਹਨਾ ਹੀ ਪਊ, ਚੁਆਨੀ ਲ਼ੱਭੇ ਜਾਂ ਨਾ। ਲਓ ਜੀ ਆਪਾਂ ਵੀ ਆਪਣੀ 'ਨੇਕ' ਕਮਾਈ ਚੋਂ 500 ਰੁਪਏ ਸਿਕੀਓਰਟੀ ਦੇ ਕੇ ਲੋਕ ਸਭਾ ਦੀ ਸੀਟ ਦੇ ਕਾਗਜ਼ ਸਭ ਤੋਂ ਪਹਿਲੋਂ ਭਰ ਦਿੱਤੇ। ਖਬਰਾਂ ਤੇ ਲਿਸਟ ਵਿਚ ਸਭ ਤੋਂ ਉੱਪਰ ਨਾਮ ਆ ਗਿਆ, ਚੋਣ ਨਿਸ਼ਾਨ ਵੀ ਉੱਡਦਾ ਪੰਛੀ ਮਿਲ ਗਿਆ। ਮੇਰੇ 3 ਮੁਖ ਮੁੱਦੇ ਸਨ।

1. ਰਿਜ਼ਰਵੇਸ਼ਨ ਮਾਇਕ ਹਾਲਤ ਦੇ ਅਧਾਰ ਤੇ ਹੋਵੇ ਤਾਂ ਜਾਤ ਪਾਤ ਦਾ ਰੋਗ ਆਪੇ ਖਤਮ ਹੋ ਜਾਵੇਗਾ।

2.ਨੌਕਰੀਆਂ ਵਾਂਙ ਸਿਆਸੀ ਲੋਕ ਵੀ 60 ਸਾਲ ਤੇ ਰਿਟਾਇਰ ਕਰ ਦਿੱਤੇ ਜਾਣ ਤਾਂ ਹਮੇਸ਼ਾਂ ਦੇਸ਼ ਨੂੰ ਨਵਾਂ ਖੂਨ ਚਲਾਵੇਗਾ, ਜਿਸ ਨਾਲ ਤਰੱਕੀ ਵੱਧ ਹੋਵੇਗੀ ।

3.ਸਾਰੀ ਵਿਦਿਆ ਮੁਫਤ ਤੇ ਲਾਜ਼ਮੀ ਹੋਵੇ ਜਿਸ ਨਾਲ ਦੇਸ਼ ਦਾ ਬੋਧਿਕ ਪੱਧਰ ਵਧੇਗਾ।

ਪਰ ਉੱਥੇ ਤਾਂ ਘਾਲੇ ਮਾਲੇ ਹੀ ਕੁਝ ਹੋਰ ਸਨ। ਜਿਹਨਾਂ ਨੂੰ ਕੁਝ ਵੋਟਾਂ ਖਰਾਬ ਹੋਣ ਦਾ ਡਰ ਸੀ, ਉਹ ਮੈਨੂੰ ਬਿਠਾਉਣ ਦੀਆਂ ਕੋਸ਼ਿਸ਼ਾਂ ਕਰਨ ਲੱਗ ਪਏ। ਕਈ ਮੁਲਾਜ਼ਮ ਜਥੇਬੰਦੀਆਂ ਵੀ ਮੈਨੂੰ ਲੰਮੀ ਰੇਸ ਦਾ ਘੋੜਾ ਸਮਝ ਮੇਰੇ ਤੇ ਜੂਆ ਖੇਡਣ ਲਈ ਰਾਜ਼ੀ ਸਨ। ਗੱਲ ਕੀ, ਸਮਾਜ ਦੇ ਹਰ ਵਰਗ ਨੇ ਮੈਨੂੰ ਨਵੀਂ ਕਿਸਮ ਦਾ ਚਾਨਣ ਦਿੱਤਾ। ਮੇਰਾ ਗਿਆਨ ਲੈਣ ਦਾ ਮਕਸਦ ਪੂਰਾ ਹੋ ਰਿਹਾ ਸੀ, ਤੇ ਦੁਨੀਆਵੀ ਲਾਲਚਾਂ ਵਿਚ ਫਸੇ ਲੋਕ ਸੱਚ ਸਮਝਣ ਤੋਂ ਲਾਚਾਰ ਨਜ਼ਰ ਆਏ। ਇਸ ਸਾਰੇ ਕੁਝ ਵਿਚ ਰੋਚਿਕਤਾ ਵੀ ਸੀ। ਯੂਨੀਵਰਸਿਟੀ ਦੇ ਕਈ ਮਿੱਤਰ ਤੇ ਵਿਦਿਆਰਥੀ (ਬਹੁਤੇ ਚੰਗੇ ਅਹੁਦਿਆਂ ਤੋਂ ਰਿਟਾਇਰ

ਹੋਏ) ਸਨ। ਇਕ ਰਿਕਸ਼ੇ ਵਾਲਾ ਵੀ ਸਾਡਾ ਸਾਥੀ ਬਣ ਗਿਆ। ਅਸੀ ਹਜ਼ਾਰ ਕੁ ਛੋਟੇ ਪੋਸਟਰ ਛਾਪ ਕੇ ਝੰਡੀਆਂ ਬਣਾ ਲਈਆਂ। ਮੋਟਰਸੈਕਲ ਦੀ ਬੈਟਰੀ ਲਾਕੇ ਆਪ ਹੀ ਜੁਗਾੜੀ ਸਪੀਕਰ ਬਣਾ ਕਿ ਰਿਕਸ਼ੇ ਤੇ ਫਿੱਟ ਕਰਤਾ। ਜਿਹੜੇ ਵੀ ਚੌਂਕ ਵਿਚ ਜਾਣਾ, ਜਦ ਤਕ ਅਸੀਂ ਝੰਡੀਆਂ ਟੰਗਣੀਆਂ, ਦੋ ਜਣਿਆਂ ਨੇ ਸਾਡੇ ਮੁੱਦੇ ਲੋਕਾਂ ਨੂੰ ਦੱਸਣੇ ਤੇ ਉਮੀਦਵਾਰ ਦੀਆਂ ਸਿਫਤਾਂ ਦੇ ਪੁੱਲ ਬੰਨ ਦੇਣੇ ਤੇ ਕਹਿਣਾ ਬਸ ਆਉਣ ਹੀ ਵਾਲੇ ਹਨ ਤੁਹਾਡੇ ਚਹੇਤੇ। ਝੰਡੀਆਂ ਪੋਸਟਰਾਂ ਦਾ ਕੰਮ ਖਤਮ ਕਰਕੇ ਮੈਂ ਲੇਟੀ ਵਾਲੇ ਹੱਥ ਧੋ ਲੈਣੇ ਤੇ ਨਾਲ ਹੀ ਤਾੜੀਆਂ ਵੱਜਦੇ ਮੇਰੀ ਆਮਦ ਬਾਰੇ ਅਨਾਊਂਸ ਹੋ ਜਾਣਾ ਤੇ ਆਪਾਂ ਛਾਲ ਮਾਰਕੇ ਰਿਕਸ਼ੇ ਤੇ ਚੜ੍ਹ ਕੇ ਧੂੰਆਂਧਾਰ ਭਾਸ਼ਨ ਜੜ ਦੇਣਾ। ਹੁਣ ਤੁਸੀਂ ਪੁੱਛੋਗੇ ਵੋਟਾਂ ਕਿੰਨੀਆਂ ਪਈਆਂ? ਅੱਜ ਵਾਂਙੂੰ, ਬਿਲਕੁਲ ਉੱਨ੍ਹੀਆਂ ਹੀ, ਜਿੰਨੀ ਕੁ ਮਾਇਆ ਖਰਚੀ ਸੀ।

# ਇਕ ਨਾਮ ਵਾਧੂ ਸੀ

ਰਸਮੀ ਮਿਲਣ-ਗਿਲਣ ਤੋਂ ਬਾਅਦ, ਅਸੀਂ ਤਿੰਨੇ ਸਾਡੇ ਘਰ ਦੇ ਉਪਰਲੇ ਹਿੱਸੇ ਵਿਚ ਇਕ ਖਾਲੀ ਪਏ ਕਮਰੇ ਵਿਚ ਜਾ ਬੈਠੇ। ਉਥੇ ਇਕ ਮੰਜਾ ਲੱਗਾ ਹੋਇਆ ਸੀ ਤੇ **2-3** ਕੁਰਸੀਆਂ ਵੀ ਪਈਆਂ ਸਨ। ਅਮਨਪਾਲ ਇੱਕ ਪਾਸੇ ਬੈਠ ਗਿਆ ਤੇ ਮੈਂ ਸਰਾਹਣੇ ਨਾਲ ਢੋਅ ਲਾਕੇ ਦੂਜੇ ਪਾਸੇ ਬੈਠ ਗਿਆ। ਰਵਿੰਦਰ ਇਕ ਨੀਵੀਂ ਜਿਹੀ ਕੁਰਸੀ ਉੱਤੇ ਅਰਾਮ ਨਾਲ ਬੈਠ ਗਿਆ। **27** ਕੁ ਸਾਲ ਦਾ ਇਹ ਨੌਜਵਾਨ ਉਂਜ ਤਾਂ ਬੜਾ ਫੁਰਤੀਲਾ ਸੀ, ਪਰ ਅਜ ਇੰਜ ਲਗਦਾ ਸੀ ਕਿ ਕੁਝ ਲੰਮਾ ਹੀ ਸਫ਼ਰ ਕਰਕੇ ਆਏ ਸਨ। ਸ਼ਾਇਦ ਉਹ ਕਾਰ ਚਲਾਕੇ ਆਇਆ ਸੀ।

'ਕਰੀਏ ਫੇਰ ਫ਼ੈਸਲਾ?' ਅਮਨਪਾਲ ਨੂੰ ਫ਼ੈਸਲਾ ਕਰਨ ਦੀ ਕਾਹਲ ਸੀ। 'ਫ਼ੈਸਲਾ ਤੁਸੀਂ ਕਰਨਾ', ਮੇਰਾ ਜੁਆਬ ਸੀ। ਕੁਝ ਦਿਨ ਪਹਿਲੋਂ ਵੀ ਇਹ ਦੋਨੋਂ ਸਜਣ ਮੇਰੇ ਕੋਲ ਆਏ ਸਨ ਤੇ ਚਾਹੁੰਦੇ ਸਨ ਕਿ ਟਰਾਂਟੋ ਦੇ ਵਿਚ ਇਕ ਪੰਜਾਬੀ ਮੇਲਾ ਹੋਵੇ, ਜਿਸ ਵਿੱਚ ਇਸ ਵਾਰ ਇਕ ਨਾਟਕ ਖੇਡਿਆ ਜਾਵੇ, ਇਕ ਕਵੀ ਦਰਬਾਰ ਹੋਵੇ, ਬਾਲ ਪ੍ਰੋਗਰਾਮ ਹੋਣ, ਫਿਲਮੀ ਹਸਤੀਆਂ ਹੋਣ, ਲੋਕ-ਸੰਗੀਤ ਹੋਵੇ ਤੇ ਹਰ ਉਹ ਆਈਟਮ ਹੋਵੇ ਜੋ ਪੰਜਾਬੀ ਜੀਵਨ ਦਾ ਹਿੱਸਾ ਹੈ। ਪਰ ਇਹਨ੍ਹਾਂ ਨੂੰ ਇਹ ਨਹੀਂ ਸੀ ਸਮਝ ਲਗ ਰਹੀ ਕਿ ਕਿੰਨ੍ਹਾਂ ਕਿੰਨ੍ਹਾਂ ਲੋਕਾਂ ਨੂੰ ਇਸ ਕੰਮ ਲਈ ਸੱਦਾ-ਪੱਤਰ ਦਿੱਤਾ ਜਾਵੇ।

ਮੈਂ ਸਲਾਹ ਦਿੱਤੀ ਕਿ ਤੁਸੀਂ ਪੰਜਾਬ ਦਾ ਟੂਰ ਲਾਓ, ਸਾਰੇ ਲੇਖਕਾਂ ਨੂੰ ਮਿਲੋ ਅਤੇ ਜਿਨ੍ਹਾਂ ਨੂੰ ਤੁਸੀਂ ਸਹੀ ਸਮਝੋ ਉਨ੍ਹਾਂ ਨੂੰ ਸੱਦਾ ਪੱਤਰ ਦਿਓ। ਨਾਲ ਦੀ ਨਾਲ ਮੈਂ ਕਹਿ ਦਿੱਤਾ ਕਿ ਮੇਰੇ ਵਿਚਾਰਾਂ ਅਨੁਸਾਰ ਕੁਝ ਅਜਿਹੇ ਨਾਮ ਹਨ ਜੋ ਸਭ ਤੋਂ ਵੱਧ ਤੁਹਾਡੇ ਅਨੁਕੂਲ ਹੋਣਗੇ ਪਰ ਮੈਂ ਹਾਲੇ ਨਹੀਂ ਦੱਸਾਂਗਾ, ਪਹਿਲੋਂ ਤੁਸੀਂ ਸਭ ਨੂੰ ਮਿਲ ਲਵੋ, ਹੋ ਸਕਦਾ ਮੇਰੀ ਰਾਏ ਗਲਤ ਹੋਵੇ। ਤੇ ਇੰਜ ਇਹਨਾਂ ਸੁਨੱਖੇ ਨੌਜਵਾਨਾਂ ਨੇ ਪੰਜਾਬ ਦੇ ਕਈ ਲੇਖਕਾਂ ਦੇ ਘਰੀਂ ਦਸਤਕ ਦਿੱਤੀ। ਵਿਚੇ ਹੀ ਇਹ ਰਮਾ ਵਿੱਜ ਨਾਲ ਕਿਸੇ ਸੰਭਾਵੀ ਫਿਲਮ ਦੀ ਸ਼ੂਟਿੰਗ ਲਈ ਲੋਕੇਸ਼ਨਾਂ ਦੇਖਦੇ ਰਹੇ। ਅੱਜ ਇਹ ਮੁੜਕੇ ਮੇਰੇ ਕੋਲ ਆਏ ਸਨ, ਸ਼ਾਇਦ ਸਿੱਧੇ ਡਲਹੌਜ਼ੀ ਤੋਂ ।

ਸ਼ੁਗਲ ਮਾਤਰ ਹੀ ਅਸੀਂ ਨਾਵਾਂ ਦੀਆਂ ਦੋ ਪਰਚੀਆਂ ਲਿਖ ਲਈਆਂ, ਇਕ ਉਹਨਾਂ ਦੋਵਾਂ ਤੇ ਇਕ ਮੈਂ। ਹੈਰਾਨੀ ਉਦੋਂ ਹੋਈ ਜਦੋਂ ਸਾਡੇ ਲਿਖੇ ਤਿੰਨੇ ਨਾਮ ਮਿਲਦੇ ਸਨ: ਪਾਤਰ, ਆਤਮਜੀਤ, ਨੀਲੋਂ । ਪਰ ਉਹਨਾਂ ਦੀ ਪਰਚੀ ਵਿੱਚ ਇਕ ਨਾਮ ਵਾਧੂ ਸੀ- ਮੇਰਾ।

# ਸਮਾਜ ਦੀ ਲੋੜ

ਟੈਲੀਫ਼ੋਨ ਦੀ ਘੰਟੀ ਵੱਜੀ ਤਾਂ ਟਰਾਂਟੋ ਤੋਂ ਰਵਿੰਦਰ ਗੱਲ ਕਰ ਰਿਹਾ ਸੀ। ਪ੍ਰੋਗਰਾਮ ਦੀ ਤਰੀਖ ਪੱਕੀ ਹੋ ਗਈ ਸੀ। ਹਾਲ ਬੁੱਕ ਕਰ ਦਿੱਤਾ ਗਿਆ ਸੀ। ਸਾਨੂੰ ਪਾਸਪੋਰਟ ਲੈ ਕੇ ਅੰਬੈਸੀ ਜਾਣ ਲਈ ਕਿਹਾ ਗਿਆ। ਮੇਰੇ ਪਾਸਪੋਰਟ ਦੀ ਮਿਆਦ ਹਾਲੇ ਖਤਮ ਹੀ ਹੋਈ ਸੀ ਪਰ ਆਤਮਜੀਤ ਦਾ ਤਾਂ ਸਾਲ ਪਹਿਲੋਂ ਖਤਮ ਹੋ ਚੁੱਕਾ ਸੀ। ਉਤੋਂ ਉਹ ਸਰਕਾਰੀ ਮੁਲਾਜਮ ਸੀ। ਦਿਨ ਬਹੁਤ ਥੋੜੇ ਸਨ। ਲੋੜੀਂਦੇ ਕਾਗਜ਼ ਪੱਤਰ ਲੈ ਅਸੀਂ ਚੰਡੀਗੜ੍ਹ ਦੇ ਪਾਸਪੋਰਟ ਦਫ਼ਤਰ ਜਾ ਪਹੁੰਚੇ। ਕਲਰਕ ਕਿੱਥੇ ਪੇਸ਼ ਜਾਣ ਦੇਂਦੇ ਸਨ। ਉਦੋਂ ਆਤਮਜੀਤ ਨਾਲ ਮੇਰਾ ਜਾਤੀ ਤੌਰ ਤੇ ਕੋਈ ਇੰਨ੍ਹਾਂ ਜਿਆਦਾ ਨੇੜ ਨਹੀਂ ਸੀ ਕਿ ਅਸੀਂ ਪੂਰੀ ਤਰ੍ਹਾਂ ਇਕ ਦੂਸਰੇ ਦੇ ਸੁਭਾਅ ਤੋਂ ਜਾਣੂ ਹੋਈਏ। ਪਰ ਇਸ ਪਾਸਪੋਰਟ ਪ੍ਰਕ੍ਰਿਆ ਨੇ ਸਾਨੂੰ ਪਹਿਲੀ ਵਾਰੀ ਕੱਠੇ ਰਹਿਣ ਦਾ ਮੌਕਾ ਦਿੱਤਾ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਕਿਸੇ ਨੂੰ ਸਹੀ ਜਾਨਣ ਲਈ ਉਸ ਨਾਲ ਰਹਿਣਾ ਜ਼ਰੂਰੀ ਹੈ। ਆਤਮਜੀਤ ਨੇ ਮੌਕਾ ਦੇਖਕੇ ਮਲਕੜੇ ਜਿਹੇ ਪਾਸਪੋਰਟ ਅਫ਼ਸਰ ਨਾਲ ਜਾ ਮੁਲਾਕਾਤ ਕੀਤੀ। ਆਤਮਜੀਤ ਨੇ ਉਸ ਨਵੇਂ ਨਵੇਂ ਬਦਲ ਕਿ ਆਏ ਅਫ਼ਸਰ ਦੇ ਸਾਹਮਣੇ ਸਾਡੀ ਦੋਹਾਂ ਦੀ ਇਸ 'ਲੋੜ' ਨੂੰ 'ਸਮਾਜ ਦੀ ਲੋੜ' ਬਣਾਕੇ ਇਸ ਤਰ੍ਹਾਂ ਪੇਸ਼ ਕੀਤਾ ਕਿ ਮੈਂ ਆਪਣੇ ਧੁਰ ਅੰਦਰ ਤਕ ਆਤਮਜੀਤ ਨੂੰ ਇਕ 'ਪ੍ਰਤੀਬੱਧ ਨਾਟਕਕਾਰ' ਸਵੀਕਾਰ ਕਰ ਬੈਠਾ। ਮੈਨੂੰ ਅਹਿਸਾਸ ਹੋਇਆ ਕਿ ਉਸਦੀ ਸਿਆਣਪ ਭਰੀ ਬੁੱਧੀ, ਸਮੇਂ ਦੀ ਲੋੜ ਅਤੇ ਮਕਸਦ ਦੀ ਪੇਸ਼ਕਾਰੀ ਸਿਰਫ਼ ਸਟੇਜੀ ਹੀ ਨਹੀਂ, ਉਹ ਤਾਂ ਉਸਦੇ ਜੀਵਨ ਦਾ ਅੰਗ ਹਨ। ਅੰਬੈਸੀ ਵਾਲਿਆਂ ਸਾਨੂੰ ਵੀਜ਼ੇ ਦੇਣ ਲਈ ਹੋਰ ਕਾਗਜ਼ ਮੰਗਵਾਏ ਸਨ ਅਤੇ ਸਾਡੇ ਤੇ ਮਾਨਸਿਕ ਦਬਾਓ ਸੀ। ਪਰ ਸ਼ਾਮੀਂ ਇਕ ਨਾਮੀ ਐਮ.ਪੀ. ਦੇ ਘਰ ਅਸੀਂ ਕਿਸੇ ਮਿੱਤਰ ਰਾਹੀਂ ਮਹਿਮਾਨ ਸੀ ਅਤੇ ਉਸਦੇ ਫੋਕੇ ਦਾਵੇ ਵੀ ਹੁਣ ਸਾਡਾ ਮਨੋਰੰਜਨ ਕਰ ਰਹੇ ਸਨ। ਅਸੀਂ ਸੌਂ ਵੀ ਨਹੀਂ ਸਕਦੇ ਸੀ ਕਿਉਂਕਿ ਟਰਾਂਟੋ ਤੋਂ ਇਕ ਫੈਕਸ ਆਉਣੀ ਸੀ ਤੇ ਸਾਨੂੰ ਉਹ ਲੈਣ ਜਾਣਾ ਪੈਣਾ ਸੀ, ਸਵੇਰੇ ਫੇਰ ਅੰਬੈਸੀ ਪੇਸ਼ੀ ਸੀ। ਉਸ ਸਮੇਂ ਇਕ ਕਵੀ, ਇਕ ਨਾਟਕਕਾਰ, ਇਕ ਬਾਲ-ਗਾਇਕ ਤੇ ਇਕ ਫੋਟੋ-ਚਿੰਤਕ ਵੀਜ਼ੇ ਦੇ ਡਰ ਨੂੰ ਚੁਟਕਲਿਆਂ ਰਾਹੀਂ ਲੁਕੋਣ ਦਾ ਨਾਟਕ ਕਰ ਰਹੇ ਸਨ।

# ਨਵੀਂ ਧਰਤੀ ਦਾ ਚਾਅ

ਮੇਰੇ ਹੱਥ ਵਿਚ ਇਕ ਕੈਮਰਾ ਤੇ ਇਕ ਬੈਗ ਸੀ। ਪਾਸਪੋਰਟ ਦੀ ਕਾਪੀ ਮੈਂ ਸੱਜੇ ਹੱਥ ਵਿੱਚ ਫੜੀ ਹੋਈ ਸੀ। ਮੇਰੇ ਪਿੱਛੇ ਆਤਮਜੀਤ, ਉਸਦੇ ਪਿੱਛੇ ਸੁਰਜੀਤ ਪਾਤਰ ਤੇ ਉਸਦੇ ਪਿੱਛੇ ਕਮਲਜੀਤ ਨੀਲੋਂ ਟਰਾਂਟੋ ਦੇ ਏਅਰਪੋਰਟ ਦੀਆਂ ਪੌੜੀਆਂ ਉਤਰ ਰਹੇ ਸਾਂ। ਆਪਸ ਵਿੱਚ ਕੋਈ ਗੱਲ ਨਹੀਂ ਸੀ ਕਰ ਰਹੇ, ਨਾ ਹੀ ਚਿਹਰਿਆਂ ਉੱਤੇ ਕੋਈ ਖਾਸ ਹਾਵ ਭਾਵ ਸਨ। ਇੰਮੀਗਰੇਸ਼ਨ ਵਾਲੇ ਅਫ਼ਸਰ ਨੇ ਮੁਸਕਰਾ ਕਿ ਹੈਲੋ ਕਹੀ। ਅਮਰੀਕਨ ਇੰਗਲਿਸ਼ ਵਿੱਚ ਹੀ ਮੈਂ ਜਵਾਬ ਦਿੱਤਾ। ਕੋਈ ਛੋਟਾ ਜਿਹਾ ਸੁਆਲ ਸੀ ਤੇ ਮੇਰਾ ਵੀ ਛੋਟਾ ਜਿਹਾ ਜੁਆਬ ਸੀ। ਐਂਟਰੀ ਦੀ ਮੋਹਰ ਲਗ ਗਈ ਤੇ ਮੈਂ ਅੱਗੇ ਆ ਗਿਆ। ਮਿੰਟਾਂ ਵਿੱਚ ਹੀ ਆਤਮਜੀਤ ਮੇਰੇ ਪਿੱਛੇ ਆ ਗਿਆ। ਪਾਤਰ ਤੇ ਨੀਲੋਂ ਕੁਝ ਜ਼ਿਆਦਾ ਹੀ ਸਮਾਂ ਲਾ ਕਿ ਆਏ। ਮੈਨੂੰ ਤੇ ਆਤਮਜੀਤ ਨੂੰ 6-6 ਮਹੀਨੇ ਦੀ ਐਂਟਰੀ ਸੀ, ਪਰ ਪਾਤਰ ਤੇ ਨੀਲੋਂ ਨੂੰ ਸਮਾਂ-ਬੱਧ ਐਂਟਰੀ ਸੀ। ਬਾਹਰ ਸਾਡੇ ਮੇਜ਼ਬਾਨ ਖੜ੍ਹੇ ਸਨ। ਬੜੇ ਚਾਅ ਕਿ ਮੇਲੇ ਗੇਲੇ ਹੋ ਰਹੇ ਸਨ। ਮੈਨੂੰ ਲੱਗਾ ਅੱਜ ਨਾਟਕ ਦਾ ਤੀਜਾ ਅੱਧ ਹੋ ਗਿਆ ਹੈ ਤੇ ਪਿਛਲੇ ਕੀਤੇ ਵੀਜ਼ਾ-ਸੀਨ ਨੂੰ ਸਰਾਹਿਆ ਜਾ ਰਿਹਾ ਹੈ।

ਨਵੀਂ ਧਰਤੀ ਦਾ ਚਾਅ ਤੇ ਖੁਸ਼ਗਵਾਰ ਮੌਸਮ ਵੈਸੇ ਹੀ ਮਨ ਨੂੰ ਖੇੜ ਦੇਂਦਾ ਹੈ। ਇਕ ਦਮ ਹੀ ਸ਼ੁਰੂ ਹੋ ਗਈਆਂ ਜ਼ੋਰਾਂ ਸ਼ੋਰਾਂ ਨਾਲ ਮੇਲੇ ਦੀਆਂ ਤਿਆਰੀਆਂ। ਆਤਮਜੀਤ ਨੇ ਨਾਟਕ ਕਰਨਾ ਸੀ, ਉਸਨੇ ਇਕ ਵਧੀਆ ਪ੍ਰੋਡਕਸ਼ਨ ਦਾ ਸੁਪਨਾ ਸਜਾਇਆ ਹੋਇਆ ਸੀ, ਪਰ ਨਾਟਕ ਮੇਜ਼ਬਾਨ ਦਾ ਲਿਖਿਆ ਹੋਇਆ ਸੀ। ਸਾਰਾ ਨਾਟਕ ਪਰਾਈ ਧਰਤੀ ਤੇ ਆਕੇ ਵਸੇ ਪੰਜਾਬੀਆਂ ਦੀਆਂ ਮੂਲ ਸਮੱਸਿਆਵਾਂ ਨਾਲ ਲੋਤ ਪੋਤ ਸੀ। ਆਤਮਜੀਤ ਨੇ ਭਰਪੂਰ ਕੋਸ਼ਿਸ਼ ਕੀਤੀ। ਉਸਨੇ ਕਈ ਨਵੇਂ ਦੋਸਤ ਬਣਾਏ ਤੇ ਪੁਰਾਣੇ ਹਰ ਪਹੁੰਚ ਸਕਣ ਵਾਲੀ ਹੱਦ ਤਕ ਵਰਤੇ। ਉਸ ਲਈ ਕਲਾਕਾਰਾਂ ਦੀ ਚੋਣ ਵੀ ਇਕ ਵੱਡਾ ਮਸਲਾ ਸੀ। ਟਰਾਂਟੋ ਵਿੱਚ ਅਸਲੋਂ ਹੀ ਕਲਾਕਾਰਾਂ ਦੀ ਘਾਟ ਸੀ ਜਾਂ ਇਓਂ ਕਹਿ ਲਵੋ ਕਿ ਆਤਮਜੀਤ ਦੇ ਸੁਭਾਅ ਅਨੁਸਾਰ ਕਲਾਕਾਰ ਘੱਟ ਸਨ। ਆਤਮਜੀਤ ਇਕ ਯੁੱਧ ਲੜ ਰਿਹਾ ਸੀ। ਆਤਮਜੀਤ ਇਕ ਨਾਟਕ ਕਰਨ ਲਈ ਨਾਟਕ ਕਰ ਰਿਹਾ ਸੀ। ਮੈਂ ਕਿਉਂਕਿ ਜ਼ਿਆਦਾ ਰੁਝਿਆ ਹੋਇਆ ਨਹੀਂ

ਸੀ, ਇਸ ਲਈ ਮੇਰੇ ਲਈ ਜੋ ਕੁਝ ਹੋ ਰਿਹਾ ਸੀ ਉਸਨੂੰ ਸਮਝਣ ਲਈ ਕਾਫ਼ੀ ਸਮਾਂ ਤੇ ਸਾਧਨ ਸਨ। ਮੇਰੇ ਸਾਹਮਣੇ ਆਤਮਜੀਤ ਦੀਆਂ ਮਨੁੱਖੀ ਰਿਸ਼ਤਿਆਂ ਨੂੰ ਤੰਦਾਂ ਵਿੱਚ ਤਬਦੀਲ ਕਰਨ ਦੀਆਂ ਸਮਰਥਾਵਾਂ ਦਾ ਅੰਬਾਰ ਖੁੱਲ੍ਹ ਰਿਹਾ ਸੀ। ਪਰਤ-ਦਰ-ਪਰਤ ਇਕ ਨਾਟਕ ਮੇਰੇ ਸਾਹਮਣੇ ਹੋ ਰਿਹਾ ਸੀ। (ਚਲਦਾ)

# ਚਸ਼ਮਾਈ ਗੱਲਾਂ

'ਡਾ. ਸਾਹਿਬ ਆਓ ਤੁਹਾਨੂੰ ਕੁਝ ਦਿਖਾਵਾਂ' ਕਹਿ ਮੈਂ ਥੱਕੇ ਆਏ ਆਤਮਜੀਤ ਨੂੰ ਘਰ ਦੀ ਬੇਸਮੈਂਟ ਵਿੱਚ ਲੈ ਗਿਆ। ਬੇਸਮੈਂਟ ਦੀ ਇਕ ਕੈਬਿਨ ਵਿਚ ਇਕ ਬਜ਼ੁਰਗ ਮੰਜੀ ਤੇ ਬੈਠਾ ਬੁੜਬੜਾ ਰਿਹਾ ਸੀ। ਆਵਾਜ਼ ਵਿੱਚ ਦਮ ਸੀ। ਉਹ ਕਿਸੇ ਨੂੰ ਦਬਕੇ ਮਾਰ ਰਿਹਾ ਸੀ। ਸ਼ੁੱਧ ਦੁਆਬੇ ਦੀ ਭਾਸ਼ਾ ਵਿੱਚ ਉਹ ਆਪਣੇ ਪਿੰਡ ਦੇ ਕਿਸੇ ਬੱਚੇ ਨੂੰ ਖੂਹ ਦੀ ਮੌਣ ਤੋਂ ਪਰ੍ਹੇ ਹਟਾ ਰਿਹਾ ਸੀ। ਜਦੋਂ ਵੀ ਅਸੀਂ ਵਿਹਲੇ ਹੋਣਾ ਬਜ਼ੁਰਗ ਦੀਆਂ ਆਪ-ਮੁਹਾਰੀਆਂ ਚਸ਼ਮਾਈ ਗੱਲਾਂ ਸੁਣਨ ਆ ਬੈਠਣਾ। ਕਈ ਵਾਰੀ ਤਾਂ ਅਸੀਂ ਵਿੱਚੋਂ ਬੋਲ ਪੈਣਾ ਜਾਂ ਹੁੰਗਾਰਾ ਭਰ ਦੇਣਾ। ਬਜ਼ੁਰਗ ਨੇ ਵੀ ਸਾਨੂੰ ਜੁਆਬ ਦੇ ਦੇਣਾ ਤੇ ਕਈ ਵਾਰੀ ਉਸਦੇ ਅਚੇਤ ਮਨ ਨੇ ਸਾਡੀ ਗੱਲ ਅੰਕਿਤ ਨਾ ਕਰਕੇ ਹੱਸ ਛੱਡਣਾ ਜਾਂ ਸਾਨੂੰ ਨਲਾਇਕ ਗਰਦਾਨ ਦੇਣਾ। ਇਹ ਬਜ਼ੁਰਗ ਅਜ ਮਜ਼ਬੂਰੀ ਵੱਸ ਕੈਨੇਡਾ ਸੀ। ਸੱਚ ਪੁੱਛੋ ਤਾਂ ਹੋਰ ਜਾ ਵੀ ਕਿੱਥੇ ਸਕਦਾ ਸੀ ਜਾਂ ਰਹਿ ਵੀ ਕਿੱਥੇ ਸਕਦਾ ਸੀ। ਇਸਦਾ ਸਾਰਾ ਕੋੜਮਾ ਤਾਂ ਨਵੀਂ ਜ਼ਿੰਦਗੀ ਦੀ ਆਸ ਵਿਚ ਕੈਨੇਡਾ ਆ ਚੁੱਕਾ ਸੀ। ਉਸਦੀ ਮਾਨਸਿਕ ਤੇ ਸਰੀਰਕ ਹਾਲਤ ਵਿੱਚ ਆਪਸੀ ਮੇਲ ਜੋਲ ਨਹੀਂ ਸੀ ਰਿਹਾ। ਪਰ ਸਾਰੀ ਉਮਰ ਦੀ ਬਿਤਾਈ ਜ਼ਿੰਦਗੀ ਹਾਲੇ ਉਸਦੇ ਅਚੇਤ ਮਨ ਵਿੱਚ ਯਾਦ ਸੀ। ਉਹ ਕਿੱਥੇ ਹੈ ਤੇ ਕਿਉਂ ਹੈ, ਇਸ ਦਾ ਉਸਨੂੰ ਬਿਲਕੁਲ ਪਤਾ ਨਹੀਂ ਸੀ। ਅਸੀਂ ਕੌਣ ਹਾਂ, ਉਸਨੂੰ ਸੁਣ ਰਹੇ ਹਾਂ ਜਾਂ ਨਹੀਂ, ਉਸਦੇ ਕਾਰਜ ਖੇਤਰ ਤੋਂ ਬਾਹਰ ਦੀ ਗੱਲ ਹੋ ਚੁੱਕੀ ਸੀ ਤੇ ਇਹੋ ਜਿਹੇ ਮੌਕੇ ਉਸਦੇ ਦਿਮਾਗ ਵਿੱਚ ਅਤੀਤ ਦਾ ਹੋਇਆ ਫਿਲਮਾਂਕਣ ਹੀ ਉਸਦੀ ਕੁੱਲ ਪੂੰਜੀ ਸੀ।

ਜ਼ਿੰਦਗੀ ਵਿੱਚ ਇਹ ਨਾਟਕ ਕਿਸੇ ਨੂੰ ਵੀ ਖੇਡਣਾ ਪੈ ਸਕਦਾ ਹੈ, ਵਰਗੀ ਸੋਚ ਨੇ ਮੈਨੂੰ ਉਦਾਸ ਕੀਤਾ ਸੀ ਤੇ ਅੱਜ ਵੀ ਉਦਾਸ ਕਰ ਦੇਂਦੀ ਹੈ। ਜਦੋਂ ਮਨੁੱਖ ਦੇ ਆਪਣੇ ਵੱਸ ਕੁਝ ਨਹੀਂ ਹੁੰਦਾ ਤਾਂ ਸਿਰਫ ਜੀਵੇ ਜੀਵਨ ਦਾ ਸੱਚ ਹੀ ਜ਼ੁਬਾਨ ਬਣਦਾ ਹੈ। ਹੋ ਸਕਦਾ ਹੈ ਤੁਸੀਂ ਇਹੋ ਜਿਹੇ ਮੌਕੇ ਆਪਣੇ ਸਾਰੀ ਜ਼ਿੰਦਗੀ ਰੱਖੇ ਹੋਏ ਓਹਲੇ ਵੀ ਬੋਲ ਦੇਵੋ ਤੇ ਇੰਜ ਪਰਿਵਾਰਾਂ ਵਿੱਚ ਇਕ ਤੂਫਾਨ ਖੜ੍ਹਾ ਹੋ ਸਕਦਾ ਹੈ। ਇਸੇ ਡਰ ਨੇ ਹਮੇਸ਼ਾ ਮੈਨੂੰ ਝੂਠ ਬੋਲਣ ਤੋਂ ਵਰਜਿਆ ਹੈ ਤੇ ਜ਼ਿੰਦਗੀ ਨੂੰ ਵੱਧ ਤੋਂ ਵੱਧ ਸੁੱਚਤਾ ਨਾਲ ਜਿਊਣ ਲਈ ਪ੍ਰੇਰਿਆ ਹੈ। ਕੀ ਪਤਾ ਮੈਂ ਜਾਂ ਤੁਸੀ ਵੀ ਇਸ ਹਾਲਤ ਵਿੱਚ ਕਦੋਂ ਪਹੁੰਚ ਜਾਈਏ।

# ਸ਼ਾਂ-ਕੁੱਥਾਂ ਬਰੇਕਾਂ

ਫੋਨ ਤੇ ਫੋਨ ਵੱਜੀ ਜਾ ਰਿਹਾ ਸੀ। ਕਈ ਲੋਕ ਵਧਾਈ ਦੇਣ ਪਹੁੰਚੇ ਹੋਏ ਸਨ। ਮੂਡ ਬੜਾ ਹੀ ਉੱਚਾ ਸੀ। ਪ੍ਰੋਗਰਾਮ ਉਮੀਦ ਤੋਂ ਵੱਧ ਸਫਲ ਸੀ। ਅਸਲੋਂ ਨਵੇਂ ਕਲਾਕਾਰਾਂ ਨੇ ਕਲਾ ਦੀਆਂ ਸਿਖ਼ਰਾਂ ਛੂਹੀਆਂ ਸਨ। ਪਰ ਹੁਣ ਕੀ ਕਰੀਏ? ਮੇਰਾ ਦਿਮਾਗ ਆਦਤਨ ਹਮੇਸ਼ਾ ਘੁੰਮਣ ਬਾਰੇ ਹੀ ਸੋਚਦਾ ਹੈ। ਇਸ ਲਈ ਮੇਜ਼ਬਾਨ ਨਾਲ ਗੱਲਬਾਤ ਕੀਤੀ ਸਾਥੀਆਂ ਨੂੰ ਸਮਝਾਇਆ, ਧਮਕਾਇਆ ਤੇ ਲਲਚਾਇਆ ਤੇ ਜਨਰਲ ਮੋਟਰਜ਼ ਦੀ ਨਵੀਂ ਵੈਨ ਖਾਣ ਪੀਣ ਦੇ ਸਮਾਨ ਨਾਲ ਲੱਦ ਕਿ ਤੁਰ ਪਏ 6000 ਕਿਲੋਮੀਟਰ ਦੇ ਸਫ਼ਰ ਤੇ ਵੈਨਕੂਵਰ ਵੱਲ ਨੂੰ। ਪਹਾੜ, ਦਰਖਤਾਂ, ਝੀਲਾਂ ਨੂੰ ਨੁਸਰਤ ਫਤਿਹ ਅਲੀ ਦੇ ਗੀਤਾਂ ਨਾਲ ਚੀਰਦੇ, ਇੱਕ ਦੂਜੇ ਨੂੰ ਗੁੱਝੀਆਂ ਹੁੱਝਾਂ ਮਾਰਦੇ, ਫੋਟੋਗ੍ਰਾਫੀ ਲਈ ਸ਼ਾਂ-ਕੁੱਥਾਂ ਬਰੇਕਾਂ ਮਾਰਦੇ, ਗੁੱਸੇ ਰਾਜੀ ਹੁੰਦੇ, ਕੈਨੇਡਾ ਦੇ ਸਾਰੇ ਸ਼ਹਿਰਾਂ ਵਿੱਚੀਂ ਵੱਖ ਵੱਖ ਸਭਾਵਾਂ ਵਿੱਚ ਲੇਖਕਾਂ-ਅਲੇਖਕਾਂ ਨੂੰ ਮਿਲਦੇ, ਗੁੱਟ-ਬੰਦੀਆਂ ਦਾ ਸ਼ਿਕਾਰ ਹੁੰਦੇ, ਉਨੀਂਦਰੇ ਕੱਟਦੇ ਜਦੋਂ ਅਸੀਂ ਸੁਰਿੰਦਰ ਧੰਜਲ ਦੇ ਸ਼ਹਿਰ ਕੈਮਲੂਪਸ ਪਹੁੰਚੇ ਤਾਂ, ਪਾਤਰ ਦੀਆਂ ਸਭ ਕਵਿਤਾਵਾਂ, ਆਤਮਜੀਤ ਦੇ ਭਾਸ਼ਨ, ਕਮਲਜੀਤ ਨੀਲੋਂ ਦੇ ਗੀਤ, ਤੇ ਮੇਰੀਆਂ ਫੋਟੋਆਂ ਦੇ ਕੈਪਸ਼ਨ ਇਕ ਦੂਜੇ ਨੂੰ ਪੂਰੀ ਤਰ੍ਹਾਂ ਰਟ ਚੁੱਕੇ ਸਨ। ਕੈਮਲੂਪਸ ਇੱਕ ਛੋਟਾ ਜਿਹਾ ਪਰ ਸੋਹਣਾ ਸ਼ਹਿਰ ਹੈ। ਇੱਥੇ ਮੈਂ ਪਹਿਲਾਂ 1990 ਵਿੱਚ ਸਾਧੂ ਬਿਨਿੰਗ, ਸੁਖਵੰਤ ਹੁੰਦਲ, ਡਾ. ਰਘਬੀਰ ਸਿਰਜਣਾ ਤੇ ਅਮਨਪਾਲ ਸਾਰਾ ਨਾਲ ਆਇਆ ਸੀ। ਇਸ ਵਾਰ ਵੀ ਮੇਰੇ ਫੋਟੋਗ੍ਰਾਫੀ ਦੇ ਸ਼ੌਂਕ ਕਰਕੇ ਧੰਜਲ ਸਾਨੂੰ ਰਾਤ ਨੂੰ ਇਕ ਪਹਾੜੀ ਤੇ ਲੈ ਗਿਆ ਜਿਥੋਂ ਸਾਰਾ ਸ਼ਹਿਰ ਦਿਸਦਾ ਸੀ। ਮੈਨੂੰ ਰਾਤ ਦੀ ਫੋਟੋਗ੍ਰਾਫੀ ਦੇ ਹਵਾਲੇ ਕਰ ਉਸਨੇ ਲੋੜਵੰਦਾਂ ਨਾਲ ਪਰੀ ਰਾਣੀ ਨੂੰ ਗਲਾਸਾਂ ਵਿੱਚ ਕੈਦ ਕਰ ਸਾਂਝ ਪੁਆਈ। ਉਸ ਪਹਾੜ ਤੇ ਖੜ੍ਹ ਕੇ ਮੈਂ ਆਪਣੇ ਸੱਜੇ ਪਾਸੇ ਵੱਲ ਕੁਝ ਭਾਲ ਰਿਹਾ ਸੀ। ਇਧਰੋਂ ਦਰਿਆ ਆਉਂਦਾ ਹੈ। ਮੇਰੇ ਪੁੱਛਣ ਤੇ ਧੰਜਲ ਮੰਨਿਆ ਕਿ ਕੱਲ੍ਹ ਜ਼ਰੂਰ ਚੱਲਾਂਗੇ ਜਿੱਥੇ ਮੱਛੀਆਂ ਆਤਮ ਹੱਤਿਆਵਾਂ ਕਰਦੀਆਂ ਹਨ। ਦੂਸਰੇ ਦਿਨ ਇਸ ਸੋਹਣੇ ਸ਼ਹਿਰ ਦੀ ਰੂਪ ਰੇਖਾ ਅਤੇ ਮੇਜ਼ਬਾਨ ਦੀ ਮਹਿਮਾਨ ਨਿਵਾਜ਼ੀ ਨੇ ਸ਼ਾਮ ਜਿਹੀ ਕਰ ਦਿੱਤੀ। ਮੇਰੇ ਅੰਦਰ ਆਤਮਹੱਤਿਆਵਾਂ ਕਰ ਰਹੀਆਂ ਮੱਛੀਆਂ ਦੀਆਂ ਫੋਟੋਆਂ ਖਿੱਚਣ ਦੀ ਖਿੱਚ ਸੀ। ਪਰ ਮੈਨੂੰ

ਲੱਗ ਰਿਹਾ ਸੀ ਕਿ ਇਹ ਨਾਟਕਕਾਰ, ਕਵੀ ਤੇ ਗਾਇਕ ਮੇਰਾ ਅਜ ਦਾ ਮੌਕਾ ਅਧੂਰਾ ਰਹਿਣ ਦੇਣਗੇ। ਮੇਰੀ ਥੋੜ੍ਹੀ ਖਿੱਚ ਅਤੇ ਜ਼ਿੱਦ ਨੇ ਆਖਰ ਸ਼ਾਮ ਨੂੰ ਸਾਨੂੰ ਉਸ ਪਾਰਕ ਤੇ ਪਹੁੰਚਾ ਦਿੱਤਾ ਜਿੱਥੇ ਇਹ ਸਭ ਕੁਝ ਹੋ ਰਿਹਾ ਸੀ। ਮੈਂ ਪਹਿਲੋਂ ਵੀ ਆਇਆ ਹੋਣ ਕਰਕੇ ਘੱਟ ਹੈਰਾਨ ਸਾਂ ਪਰ ਇਹ ਤਿੰਨੋਂ ਬਹੁਤ ਹੈਰਾਨ ਸਨ। ਕਮਲਜੀਤ ਤਾਂ ਇਸ ਥਾਂ ਤੋਂ ਵਾਪਸ ਜਾਣ ਲਈ ਕਾਹਲਾ ਪੈ ਰਿਹਾ ਸੀ।

ਆਤਮਜੀਤ ਨੇ ਧੰਜਲ ਨੂੰ ਢੇਰ ਸਾਰੇ ਸਵਾਲ ਪੁੱਛੇ, ਉਹ ਬਹੁਤ ਹੀ ਗੁਹ ਨਾਲ ਦੇਖ ਤੇ ਮਹਿਸੂਸ ਕਰ ਰਿਹਾ ਸੀ। ਉਸਦੇ ਅੰਦਰ ਆਪੇ ਹੀ ਜੀਵਨ ਦਾ ਅੰਤ ਕਰ ਲੈਣ ਦੀ ਪ੍ਰਕ੍ਰਿਆ ਨੂੰ ਨਾ ਸਮਝਣ ਦਾ ਯੁੱਧ ਚੱਲ ਰਿਹਾ ਸੀ। ਉਹ ਚਿੰਤਤ ਮਹਿਸੂਸ ਹੋ ਰਿਹਾ ਸੀ। ਮੈਨੂੰ ਪਹਿਲੀ ਵਾਰੀ ਮਹਿਸੂਸ ਹੋਇਆ ਕਿ ਕਠੋਰ ਡਾਇਲਾਗ ਬੋਲਦੇ ਨਾਟਕਕਾਰ ਕਠੋਰ ਦਿਲ ਨਹੀਂ ਹੁੰਦੇ ਉਹ ਇਕ ਆਮ ਇਨਸਾਨ ਵਾਂਙ ਕੋਮਲਤਾ ਦੇ ਪੁੜਾਂ ਵਿੱਚ ਪੀਸੇ ਵੀ ਜਾ ਸਕਦੇ ਹਨ। ਮੈਂ ਦੋਸ਼ੀ ਮਹਿਸੂਸ ਕਰ ਰਿਹਾ ਸਾਂ ਕਿ ਐਨੇ ਅੱਛੇ ਟੂਰ ਤੋਂ ਬਾਅਦ ਇਹੋ ਜਿਹੀ ਨਿਰਾਸ਼ਾ ਵਾਲੀ ਜਗ੍ਹਾ ਨਹੀਂ ਸੀ ਆਉਣਾ ਚਾਹੀਦਾ। ਮੈਨੂੰ ਕਿਸੇ ਦਾ ਦਿਲ ਦੁਖਾਉਣ ਦਾ ਅਹਿਸਾਸ ਹੋ ਰਿਹਾ ਸੀ ਤੇ ਆਤਮਜੀਤ ਵੱਲ ਜਦ ਮੈਂ ਵੇਖ ਰਿਹਾ ਸੀ ਤਾਂ ਉਹ ਮੈਨੂੰ ਬਿਲਕੁਲ ਨਾਟਕਕਾਰ ਨਹੀਂ ਸੀ ਲਗ ਰਿਹਾ। ਉਹ ਬਿਲਕੁਲ ਨਾਟਕ ਨਹੀਂ ਸੀ ਕਰ ਰਿਹਾ। ਉਹ ਤਾਂ ਕੁਦਰਤ ਦੇ ਅਸਲੀ ਨਾਟਕ ਦਾ ਅਸਲੀ ਪਾਤਰ ਲਗਦਾ ਸੀ।

